ਬਾਬ-40ੳ

## ਪਹਿਲੀ ਉਦਾਸੀ. ਭਾਗ–4

# ਬਿਹਾਰ ਅਤੇ ਝਾਰਖੰਡ ਦਾ ਬਾਬਾ

ਗੁਰੂ ਜੀ ਨੇ ਤਕਰੀਬਨ ਢਾਈ ਸਾਲ ਪੂਰਬ ਵਿਚ ਗੁਜਾਰੇ (ਇਥੇ ਪੂਰਬ ਤੋਂ ਮਤਲਬ : ਬਿਹਾਰ, ਨੇਪਾਲ, ਬੰਗਾਲ, ਬੰਗਲਾਦੇਸ਼, ਅਸਾਮ, ਅਰੁਨਾਚਲ, ਨਾਗਾਲੈਂਡ, ਤਿਰੀਪੁਰਾ, ਰਖਾਈਨ ਅਤੇ ਬਰਮਾ)

ਗੁਰੂ ਜੀ ਅਯੁਧਿਆ ਤੋਂ ਘੱਘਰ ਦਰਿਆ ਦੇ ਨਾਲ ਨਾਲ ਚਲਦੇ ਹੋਏ ਆਰਾ, ਬਕਸਰ, ਲਾਲਗੰਜ ਦੇ ਧਾਰਮਿਕ ਮੁੱਖੀਆਂ ਨੂੰ ਮਿਲਦੇ ਹੋਏ ਪਟਨਾ ਪਹੁੰਚੇ ਸਨ। ਸਾਹਿਬ ਦਾ ਮੁੱਖ ਨਿਸ਼ਾਨਾ ਉਸ ਵੇਲੇ ਦਾ ਪੂਰਬੀ ਹਿੰਦੂ ਧਰਮ ਦਾ ਮਰਕਜ਼ ਗਇਆ ਸੀ। ਹੇਠ ਉੱਤੇ ਦੋ ਤਿੰਨ ਵਾਰੀ ਬਰਬਾਦ ਹੋਣ ਉਪਰੰਤ ਪਟਨਾ ਗੁਰੂ ਸਾਹਿਬ ਦੇ ਵੇਲੇ ਛੋਟਾ ਹੀ ਸ਼ਹਿਰ ਰਹਿ ਗਇਆ ਸੀ। ਇਥੋ ਦੇ ਵਸਨੀਕਾਂ ਨੇ ਤਾਂ ਗੁਰੂ ਸਾਹਿਬ ਨੂੰ ਹੱਥਾਂ ਤੇ ਚੁੱਕ ਲਿਆ ਸੀ। ਜਿਸ ਕਾਰਨ ਗੁਰੂ ਸਾਹਿਬ ਇਥੇ ਦੋ ਤਿੰਨ ਵਾਰੀ ਆਏ। ਗਇਆ ਅਤੇ ਕਠਮੰਡੂ ਨਿਪਾਲ ਦੀ ਯਾਤਰਾ ਲਈ ਵੀ ਪਟਨੇ ਤੋਂ ਹੀ ਰਵਾਨਾ ਹੋਏ ਸਨ। ਤਕਰੀਬਨ ਦੋ ਢਾਈ ਸਾਲ ਇਸ ਇਲਾਕੇ ਵਿਚ ਰਹਿ ਲੋਕ ਉਧਾਰ ਕੀਤਾ ਗੁਰੂ ਸਾਹਿਬ ਨੇ। ਬਾਲਾ ਜਨਮਸਾਖੀ ਨੇ 2 ਸਾਲ 7 ਮਹੀਨੇ ਇਸ ਇਲਾਕੇ ਵਿਚ ਫਿਰਨ ਦਾ ਲਿਖਿਆ ਹੈ। ਭਾਵ ਅਗਸਤ 1509 ਤੋਂ ਅੰਦਾਜਨ ਆਖੀਰ 1511 ਤਕ।

ਸੋ ਮਾਰਚ 1510 ਤਕ ਗੁਰੂ ਸਾਹਿਬ ਬਿਹਾਰ ਦੇ ਇਲਾਕੇ ਵਿਚ ਘੁੰਮੇ। ਸਰਦੀ ਮੁੱਕਣ ਉਪਰੰਤ ਨੇਪਾਲ ਵਲ ਚਲੇ ਗਏ।

ਪਟਨਾ ਤੋਂ ਗਇਆ ਤੋਂ ਰਜੌਲੀ ਤੋਂ ਰਾਜਗੀਰ ਅਤੇ ਹੋਰ ਇਲਾਕੇ ਵੇਖ ਵਾਪਸੀ ਪਟਨਾ ਹੋਈ। ਪਟਨਾ ਤੋਂ ਪਹਾੜਾਂ ਨੂੰ ਜਨਕਪੁਰ ਤੋਂ ਕਾਠਮੰਡੂ। ਵਾਪਸੀ ਬਿਰਾਟਨਗਰ ਪਾਸਿਓ ਭਾਵ ਕਾਠਮੰਡੂ ਤੋ ਹੇਠਾਂ ਰਾਜ ਬਿਰਾਜ ਅਤੇ ਬਿਰਾਟਨਗਰ ਦੇ ਨੇੜੇ ਤੇੜੇ ਦੇ ਸਿੱਧ ਜੋਗੀ ਮੱਠਾਂ ਦਾ ਉਧਾਰ। ਅੱਗੇ ਇਹ ਖੋਜ ਦਾ ਮਜਮੂਨ ਹੈ ਕਿ ਮੁੜ ਸਾਹਿਬ ਪਟਨਾਂ ਆਏ ਕਿ ਨਹੀ। ਇਹ ਗਲ ਤਾਂ ਸਾਫ ਹੈ ਕਿ ਇਕ ਵਾਰੀ ਪਟਨੇ ਤੋਂ ਗੰਗਾ ਰਾਂਹੀ ਬੜ੍ਹ, ਮੋਕਾਮਾ, ਮੁੰਘੇਰ, ਭਾਗਲਪੁਰ, ਨੂੰ ਗਏ। ਕੀ ਬੈਦਨਾਥ (ਦਿਓਗੜ੍ਹ) ਆਦਿ ਝਾੜਖੰਡ ਦਾ ਇਲਾਕਾ ਇਧਰੋਂ ਦੀ ਜਾ ਕੇ ਵੇਖਿਆ ਜਾਂ ਫਿਰ ਗਇਆ ਫੇਰੀ ਵੇਲੇ ਹੀ ਓਸ ਪਾਸੇ ਨੂੰ ਨਿਕਲ ਗਏ, ਖੋਜ ਅਧੀਨ ਹੈ। ਇਹ ਤਾਂ ਸਾਫ ਹੀ ਹੈ ਕਿ ਨੇਪਾਲ ਵਾਲੇ ਪਾਸਿਓ ਜਦੋਂ ਪਰਤਦੇ ਹਨ ਤਾਂ ਬਿਰਾਟਨਗਰ, ਪੂਰਨੀਆ ਇਲਾਕੇ ਨੂੰ ਗੁਰੂ ਸਾਹਿਬ ਦੇ ਚਰਨਾਂ ਦੀ ਛੋਹ ਮਿਲਦੀ ਹੈ ਤੇ ਅੱਗੇ ਕੰਤਨਗਰ, ਸਾਹਿਬਗੰਜ, ਰਾਜਮਹਿਲ, ਮਾਲਦਾ ਆਦਿ ਨੂੰ ਨਿਕਲ ਜਾਂਦੇ ਨੇ। ਇਸ ਪਾਸਿਓ ਦੀ ਨਿਕਲ ਕੇ ਹੀ ਫਿਰ ਢਾਕੇ ਵਲ ਜਾਂਦੇ ਤੇ ਅਸਾਮ ਨਾਗਾਲੈਂਡ ਦਾ ਉਧਾਰ ਕਰਦੇ ਹੋਏ ਚਿਟਾਗਾਂਗ ਤੋਂ ਰਖਾਈਨ ਦੇਸ ਅਤੇ ਮਿਆਮੀਰ ਨੂੰ ਨਿਕਲਦੇ ਹਨ। ਸਾਨੂੰ ਲਗਦਾ ਹੈ ਕਿ ਇਧਰੋਂ ਵਾਪਸੀ ਤੇ ਹੀ ਫਿਰ ਮਿਦਨਾਪੁਰ ਅਤੇ ਕਲਕੱਤੇ ਨੂੰ ਭਾਗ ਲਾਉਂਦੇ ਨੇ।

----◆-----

ਪਟਨੇ ਪਹੁੰਚ ਗਇਆ ਬਾਬਾ

### ਸਾਲਸ ਰਾਇ ਜਵੈਹਰੀ ਨੇ ਫੱਟ ਲਾਲ ਪਛਾਣ ਲਿਆ

ਜੁਲਾਈ- 1509

ਪਟਨਾ ਪੁਰਾਣੇ ਜਮਾਨੇ ਦੇ ਪਾਟਲੀਪੁਤਰ ਸ਼ਹਿਰ ਦਾ ਹੀ ਨਵਾਂ ਰੂਪ ਹੈ। ਪਾਟਲੀਪੁਤ੍ਰ ਰਾਜੇ ਅਜਾਤਸ਼ਤਰੂ ਨੇ ਅੱਜ ਤੋਂ 2500 ਵਰੇ ਪਹਿਲਾਂ ਵਸਾਇਆ ਸੀ। ਇਸ ਸ਼ਹਿਰ ਨੇ ਇਨੀ ਤਰੱਕੀ ਕੀਤੀ ਕਿ ਮਹਾਰਾਜਾ ਅਸ਼ੋਕ ਦੇ ਸਮੇਂ ਤੱਕ ਇਹ ਦੁਨੀਆ ਦੇ ਵੱਡੇ ਸ਼ਹਿਰਾਂ ਵਿੱਚ ਹੋ ਗਇਆ ਜਿਸ ਦੀ ਅਬਾਦੀ ਓਨੀ ਦਿਨੀ ਡੇਢ ਲੱਖ ਤੋਂ ਲੈ ਕੇ 4 ਲੱਖ ਤੱਕ ਪਹੁੰਚ ਜਾਂਦੀ ਰਹੀ ਹੈ। ਗੁਰਦੁਆਰਾ ਗਊ ਘਾਟ ਤੇ ਹੋਰ ਥਾਂਵਾਂ ਤੇ ਹੋਈ ਖੁਦਾਈ ਨੇ ਵਿਦਵਾਨਾਂ ਨੂੰ ਚਕਿਤ ਕਰਕੇ ਰੱਖ ਦਿੱਤਾ ਹੈ। ਪਾਟਲੀਪੁਤਰਾ ਸ਼ਹਿਰ ਆਇਤ ਦੀ ਸ਼ਕਲ ਵਿੱਚ ਵਸਿਆ ਹੋਇਆ ਸੀ ਜਿਸ ਦੇ ਦੋ ਪਾਸੇ ਵੱਡੇ ਦਰਿਆ (ਗੰਗਾ ਤੇ ਸੋਨ) ਨਦੀਆਂ ਸਨ। ਸਿਕੰਦਰ ਮਹਾਨ ਦੇ ਵੇਲੇ ਆਏ ਯੂਨਾਨੀ ਲੇਖਕਾਂ ਨੇ ਇਸ ਦਾ ਬੜਾ ਵਿਸਥਾਰ ਨਾਲ ਵਰਨਣ ਕੀਤਾ ਹੈ ਕਿ ਇਹ ਦੁਨੀਆਂ ਦਾ ਅਲੌਕਿਕ ਸ਼ਹਿਰ ਸੀ ਜਿਸ ਦੀ ਫਸੀਲ ਲੱਕੜੀ ਤੇ ਮਿੱਟੀ ਦੀ ਸੀ। ਲਕੜੀ ਦੇ ਖੜੇ ਫੱਟੇ ਅੱਜ ਵੀ ਖੁਦਾਈ ਦੌਰਾਨ ਮਿਲਦੇ ਹਨ। ਪੰਜਾਬ ਦੇ ਬਹੁਤੇ ਥੇਹ ਅੱਜ ਤੋਂ 1200- 1000 ਸਾਲ ਪਹਿਲਾਂ ਵੱਸਦੇ ਸ਼ਹਿਰ ਸਨ ਜੋ ਪੱਛਮ ਤੋਂ ਆਏ ਹਮਲਾਵਰਾਂ ਨੇ ਬਰਬਾਦ ਕੀਤੇ ਸਨ। ਪਾਟਲੀਪੁਤਰ ਵੀ ਓਨਾਂ ਹਮਲਿਆਂ ਤੋਂ ਬਚ ਨਾਂ ਸਕਿਆ। ਪਰ ਉਹ ਪੂਰੀ ਤਰਾਂ ਬੇਅਬਾਦ ਕਦੀ ਵੀ ਨਾਂ ਹੋਇਆ। ਸ਼ੇਰ ਸ਼ਾਹ ਸੂਰੀ ਨੇ ਇਸ ਦੀ ਸ਼ਾਨ ਫਿਰ ਬਹਾਲ ਕਰ ਦਿੱਤੀ ਤੇ ਸ਼ਹਿਰ ਨੂੰ ਆਪਣੀ ਰਾਜਧਾਨੀ ਐਲਾਨ ਦਿੱਤਾ।



ਮੌਰੀਆ ਕਾਲ ਦਾ ਲੱਕੜੀ ਤੇ ਮਿੱਟੀ ਦਾ ਪਾਟਲੀਪੁਤ੍ਰ ਕਿਲਾ ਜਿਸ ਦੇ ਆਸਾਰ ਖੁਦਾਈ ਦੌਰਾਨ ਨਿਕਲਦੇ ਹਨ

ਅਯੁਧਿਆ ਤੋਂ ਪਟਨਾ 375 ਕਿਲੋ ਮੀਟਰ ਪੈਂਦਾ ਹੈ। ਗੁਰੂ ਸਾਹਿਬ ਦੇ ਵੇਲੇ ਦਰਿਆ



ਘੱਗਰ ਜਾਂ ਸਰਜੂ ਤੇ ਜਹਾਜਰਾਨੀ ਪੂਰੇ ਜੋਰ ਸ਼ੋਰ ਨਾਲ ਚਲਦੀ ਸੀ। ਸੋ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨੇ ਇਹ ਸਫਰ ਚਾਰ ਪੰਜ ਦਿਨਾਂ ਵਿਚ ਤਹਿ ਕੀਤਾ ਹੋਵੇਗਾ।

ਪਟਨੇ ਦੀ ਬਸਤੀ ਬਿਸ਼ੰਭਰ ਪੁਰ ਦੇ ਲਾਗੇ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਵਿਚਾਰਾ ਮਰਦਾਨਾ ਭੁੱਖ ਨਾਲ ਬੇਹਾਲ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਪਤਾ ਇਸ ਥਾਂ ਦਾ ਨਾਂ ਕੀ ਹੈ?



**ਹਰਿਮੰਦਰ ਸਾਹਿਬ ਪਟਨਾ**

ਸਾਲਸ ਰਾਇ ਦਾ ਘਰ ਵਕਤ ਪਾ ਕੇ ਸੰਗਤ ਦਾ ਟਿਕਾਣਾ ਹੀ ਬਣ ਗਇਆ। ਬਾਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਇਥੇ ਠਹਿਰਦੇ ਨੇ। ਦਸਮ ਗੁਰੂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਇਥੇ ਹੀ ਹੁੰਦਾ ਹੈ। ਸੋ ਸਾਲਸ ਰਾਇ ਦਾ ਘਰ ਪੂਰਬੀ ਸਿੱਖ ਸੰਗਤ ਦਾ ਹੈਡ ਕਵਾਟਰ ਹੀ ਬਣ ਜਾਂਦਾ ਹੈ।

ਅੱਗੋ ਖਿਝਿਆ ਹੋਇਆ ਮਰਦਾਨਾ ਬੋਲਿਆ ਕਿ ਗੁਰੂ ਜੀ ਨਾਂ ਕੁਝ ਵੀ ਹੋਵੇ ਪਰ ਇਥੇ ਦੇ ਲੋਕ ਵੀ ਰੋਟੀ ਪਾਣੀ ਤਾਂ ਖਾਂਦੇ ਹੀ ਹੋਣਗੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਜਾ ਅਸੀ ਇਥੇ ਬਾਹਰ ਹੀ ਬੈਠੇ ਹਾਂ ਤੂੰ ਬਜਾਰੋਂ ਕੁਝ ਖਾ ਪੀ ਆ। ਮਰਦਾਨਾ ਬੋਲਿਆ ਕਿ ਬਾਬਾ ਜੀ ਬਜਾਰ ਕਿਹੜੀ ਮੇਰੀ ਮਾਸੀ ਬੈਠੀ ਹੈ ਤੁਸੀ ਨਾਲ ਚਲੋਗੇ ਕੋਈ ਬਚਨ ਬਿਲਾਸ ਕਿਸੇ ਨੂੰ ਸੁਣਾਓਗੇ ਤਾਂ ਹੀ ਕੋਈ ਸੇਵਾ ਕਰੂਗਾ।

ਗੁਰੂ ਸਾਹਿਬ ਨੇ ਓਦੋਂ ਠੁੱਡ ਜਮੀਨ ਤੇ ਮਾਰਿਆ ਤਾਂ ਇੱਕ ਲਾਲ ਭਾਅ ਮਾਰਦਾ ਲਾਲ ਨਿਕਲ ਆਇਆ। ਗੁਰੂ ਸਾਹਿਬ ਨੇ ਕਿਹਾ ਲੈ ਮਰਦਾਨਿਆਂ ਤੇਰੀ ਕਿਸਮਤ ਨੂੰ ਆਹ ਕੀਮਤੀ ਪੱਥਰ ਸਾਨੂੰ ਲੱਭ ਪਿਆ ਈ। ਲੈ ਜਾ ਬਜਾਰ ਵਿੱਚ ਤੇ ਖਾ ਪੀ।

ਭੁੱਖਾ ਭਾਣਾ ਮਰਦਾਨਾ ਪੱਥਰ ਲੈ ਤੁਰਿਆ। ਜਿੱਥੇ ਕੋਈ ਖਾਣ ਵਾਲੀ ਚੀਜ਼ ਦਿਸੇ ਮਰਦਾਨਾ ਲਾਲ ਦਿਖਾਏ, ਪਰ ਕਿਥੇ। ਖਰਬੂਜਿਆਂ ਵਾਲੇ ਨੂੰ ਤੁਸੀ ਲਾਲ ਦਿਖਾਓਗੇ ਤਾਂ ਉਹਨੇ ਕਹਿਣਾ ਭਈ ਚਲਦਾ ਬਣ। ਕਿਸੇ ਨੇ ਮਰਦਾਨੇ ਨੂੰ ਕਿਹਾ ਜੇ ਕੁਝ ਲੈਣਾ ਈ ਤਾਂ ਕਿਸੇ ਸੁਨਿਆਰੇ ਕਿਸੇ ਜਵਾਹਰੀ ਨੂੰ ਇਹ ਪੱਥਰ ਦਿਖਾ।

ਮਰਦਾਨਾ ਗਇਆ ਜਵਾਹਰੀ ਦੀ ਦੁਕਾਨ ਤੇ। ਜਵਾਹਰੀ ਨੇ ਜਦੋਂ ਫਟੇ ਹਾਲ ਮਰਦਾਨਾ ਵੇਖਿਆ ਤਾਂ ਉਸ ਨੇ ਕਿਹਾ ਇਹ ਮਾਮੂਲੀ ਲਾਲ ਆ। ਇਹਦਾ ਮੁੱਲ ਸਿਰਫ ਤਿੰਨ ਪੈਸੇ। ਲੈਣੇ ਈ ਤਾਂ ਲੈ ਨਹੀ ਤਾਂ ਚਲਦਾ ਬਣ। ਮਰਦਾਨੇ ਨੇ ਸੋਚਿਆ ਕਿ ਜੇ ਲਾਲ ਹੋਵੇ ਤਾਂ ਹੋਵੇਗਾ ਕੀਮਤੀ ਜੇ ਪੱਥਰ ਹੋਵੇ ਤਾਂ ਉਹਦੇ ਕੋਈ ਤਿੰਨ ਪੈਸੇ ਵੀ ਕਿਓ ਦੇਵੇਗਾ।

ਮਰਦਾਨਾ ਵਾਪਸ ਗੁਰੂ ਸਾਹਿਬ ਕੋਲ ਪਰਤ ਆਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿਸੇ ਵੱਡੇ ਜਵਾਹਰੀ ਕੋਲ ਜਾ। ਪੁੱਛਦਾ ਪਛਾਂਦਾ ਮਰਦਾਨਾ ਮੁਰਲੀਧਰ ਨਾਂ ਦੇ ਜਵੈਹਰੀ ਕੋਲ ਪਹੁੰਚਿਆ। ਉਹ ਉਸ ਪੱਥਰ ਨੂੰ ਵੇਖ ਨਿਹਾਲ ਹੋ ਗਇਆ। ਉਸ ਕਿਹਾ ਕਿ ਇਸ ਲਾਲ ਨੂੰ ਖਰੀਦਣ ਦੀ ਮੇਰੇ ਵਿਚ ਪਾਂਇਆ ਨਹੀ ਹੈ ਚਲੋ ਵੱਡੇ ਸੁਨਿਆਰੇ ਸਾਲਸ ਰਾਇ ਕੋਲ ਚਲਦੇ ਹਾਂ। ਮੁਰਲੀਧਰ ਸੁਨਿਆਰਾ ਫਿਰ ਮਰਦਾਨੇ ਨੂੰ ਸਾਲਸ ਰਾਇ ਕੋਲ ਲੈ ਗਇਆ। ਸਾਲਸ ਰਾਇ ਨੂੰ ਲਹੌਰੀਆ ਵੀ ਕਹਿੰਦੇ ਸਨ। ਸਾਲਸ ਰਾਇ ਦਾ ਘਰ ਦੁਕਾਨ ਦੇ ਉੱਤੇ ਹੀ ਸੀ। ਮਰਦਾਨੇ ਨੇ ਜਾ ਕੁੰਡਾ ਖੜਕਾਇਆ। ਨੌਕਰ ਨੇ ਦਰਵਾਜਾ ਖੋਲਿਆ ਤਾਂ ਮਰਦਾਨੇ ਨੇ ਕਿਹਾ ਕਿ ਅਸੀ ਪੰਜਾਬੀ ਸਾਧੂ ਹਾਂ ਇਹ ਲਾਲ ਵੇਚਣਾ ਹੈ। ਸਾਲਸ ਨੇ ਕਿਹਾ ਕਿ ਮਰਦਾਨੇ ਨੂੰ ਅੰਦਰ ਆਉਣ ਦਿਓ। ਲੰਗਰ ਪਾਣੀ ਪਹਿਲਾਂ ਛਕਾਇਆ। ਲਾਲ ਵੇਖਿਆ ਤੇ 100 ਰੁਪੱਈਆ ਮਰਦਾਨੇ ਨੂੰ ਦਿੱਤਾ ਤੇ ਨਾਲੇ ਲਾਲ ਵਾਪਸ ਕਰ ਦਿੱਤਾ।

ਮਰਦਾਨੇ ਨੇ ਆ ਕੇ ਗੁਰੂ ਸਾਹਿਬ ਨੂੰ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਪੈਸੇ ਮੋੜ ਆ। ਆਪਾਂ ਪੈਸੇ ਕੀ ਕਰਨੇ ਆ। ਮਰਦਾਨਾ ਪੈਸੇ ਮੋੜਨ ਗਇਆ ਤੇ ਸਾਲਸ ਰਾਇ ਪੈਸੇ ਲਏ ਨਾਂ। ਉਸ ਕਿਹਾ ਕਿ ਲਾਲ ਇਨਾਂ ਕੀਮਤੀ ਹੈ ਕਿ ਇਸ ਦੇ ਦਰਸ਼ਨ ਕਰਨ ਦੇ ਹੀ 100 ਰੁਪਏ ਬਣਦੇ ਨੇ। ਪਰ ਮਰਦਾਨਾ ਮੋੜਨ ਤੇ ਬਜਿਦ। ਹਾਰ ਕੇ ਸਾਲਸ ਨੇ 100 ਰੁਪਏ ਰੱਖ ਲਏ ਤੇ ਆਪਣੇ ਮੁਨੀਮ ਅਧਰੱਖੇ ਅਰੋੜੇ ਨੂੰ ਕਿਹਾ ਕਿ ਮਰਦਾਨੇ ਦੇ



**ਗੁਰਦੁਆਰਾ ਸੁਨਾਰਟੋਲੀ**

ਸਾਲਸ ਰਾਇ ਨੇ ਮੁਰਲੀਧਰ ਦੀ ਕਦਰ ਕੀਤੀ। ਕਿਉਕਿ ਮਰਦਾਨੇ ਨੂੰ ਸਾਲਸ ਰਾਇ ਵਲ ਭੇਜਣ ਵਾਲਾ ਮੁਰਲੀਧਰ ਹੀ ਸੀ। ਮੁਰਲੀ ਦਾ ਘਰ ਵੀ ਵਕਤ ਪਾ ਕੇ ਸੰਗਤ ਦਾ ਕੇਂਦਰ ਬਣ ਗਇਆ। ਗੁਰਦੁਆਰਾ ਸੁਨਿਆਰਿਆਂ ਦੇ ਮੁਹੱਲੇ ਵਿਚ ਹੋਣ ਕਰਕੇ ਸੁਨਾਰਟੋਲੀ ਅਖਵਾਇਆ।

ਮਗਰ ਮਗਰ ਜਾ ਕੇ ਵੇਖ ਕੇ ਆ ਇਹ ਮੈਨੂੰ ਕੋਈ ਸੱਚੇ ਸਾਧ ਲੱਗਦੇ ਨੇ। ਜੌਹਰੀ ਲਾਲ ਪਛਾਣ ਲਿਆ ਤੇ ਨਾਲੇ ਸਾਧੂ ਵੀ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰਿ ਕਰਤੈ ਕਰਣੀ ਕਰਿ ਪਾਈ ॥ ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥

ਅਧਰੱਖੇ ਨੇ ਜਿਵੇ ਹੀ ਗੁਰੂ ਪਾਤਸ਼ਾਹ ਦੇ ਦਰਸ਼ਨ ਕੀਤੇ ਉਹਦਾ ਤਾਂ ਹਿਰਦਾ ਓਥੇ ਹੀ ਖਿੜ ਉਠਿਆ। ਚਾਅ ਵਿੱਚ ਪਿੱਛੇ ਦੌੜਿਆ। ਆ ਕੇ ਸ਼ਾਹੂਕਾਰ ਨੂੰ ਕਹਿੰਦਾ ਕਿ ਉਹ ਸਾਧ ਨਹੀ ਉਹ ਤਾਂ ਨਿਰਾ ਰੱਬ ਦਾ ਰੂਪ ਹੈ ਚਲ ਤੂੰ ਵੀ ਦਰਸ਼ਨ ਕਰ।

ਫਿਰ ਸਾਲਸ ਨੇ ਰੋਟੀ ਪਾਣੀ ਤੇ ਹੋਰ ਮੇਵੇ ਸੁਗਾਤਾਂ ਲਈਆਂ ਤੇ ਚਲ ਪਏ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ। ਦਰਸ਼ਨ ਕਰਕੇ ਸਾਲਸ ਵੀ ਨਿਹਾਲ ਹੋ ਗਿਆ। 100 ਰੁਪਏ ਜਿਹੜੇ ਮਰਦਾਨੇ ਨੇ ਮੋੜੇ ਸੀ ਗੁਰੂ ਸਾਹਿਬ ਅੱਗੇ ਰੱਖੇ ਕਿ ਉਸ ਲਾਲ ਦੇ ਵੇਖਣ ਦੀ ਫੀਸ ਹੀ 100 ਰੁਪਏ ਹੁੰਦੀ ਹੈ ਜੀ। ਗੁਰੂ ਸਾਹਿਬ ਨੇ ਕਿਹਾ ਵੇਖੋ ਸਾਲਸ ਅਸੀ ਠਹਿਰੇ ਫਕੀਰ ਲੋਕ, ਸਾਨੂੰ ਇਹ ਪੈਸੇ ਨਹੀ ਸੋਭਦੇ। ਪੰਛੀ ਤੇ ਦਰਵੇਸ਼ ਕਦੀ ਜੇਬ ਨਹੀ ਰੱਖਦੇ। ਜਿਹੜਾ ਚਕ੍ਰਵਰਤੀ ਸਾਧੂ ਆਪਣੇ ਨਾਲ ਪੈਸੇ ਰੱਖਦਾ ਉਹ ਆਪਣੀ ਮੌਤ ਚੁੱਕੀ ਫਿਰਦਾ ਹੈ।

ਗੁਰੂ ਸਾਹਿਬ ਨੇ ਆਪਣਾ ਸਿਰ ਵਾਲਾ ਅੰਗੋਛਾ (ਸਾਫਾ, ਜਾਂ ਪਟਕਾ, ਪਰਨਾ) ਸਾਲਸ ਰਾਇ ਨੂੰ ਸਿਰੋਪਾਓ ਦੇ ਤੌਰ ਤੇ ਬਖਸ਼ ਦਿੱਤਾ। ਸਾਲਸ ਨੇ ਜਿਵੇ ਉਹ ਸਿਰ ਤੇ ਬੱਧਾ ਤਾਂ ਉਸ ਦੇ ਕਿਵਾੜ ਖੁੱਲ ਗਏ। ਲੱਗਦਾ ਹੈ ਗੁਰੂ ਸਾਹਿਬ ਕਈ ਦਿਨ ਇਥੇ ਠਹਿਰੇ। (ਬਾਲਾ ਜਨਮ ਸਾਖੀ ਅਨੁਸਾਰ 2 ਸਾਲ 7 ਮਹੀਨੇ) ਭਾਈ ਮਰਦਾਨੇ ਨੇ ਵੀ ਆਪਣੀ ਪੁਰਾਣੀ ਰਬਾਬ ਸਾਲਸ ਰਾਇ ਨੂੰ ਬਖਸ਼ ਦਿੱਤੀ ਜੋ ਅੱਜ ਵੀ ਮੌਜੂਦ ਹੈ। ਸਾਲਸ ਤੇ ਅਧਰੱਖੇ ਦੀ ਅਧੀਨਗੀ ਦੇਖਦੇ ਹੋਏ ਗੁਰੂ ਸਾਹਿਬ ਨੇ ਉਨਾਂ ਨੂੰ ਨਾਮ ਦੀ ਦਾਤ ਬਖਸ਼ੀ। ਗੁਰੂ ਸਾਹਿਬ ਨੇ ਹਰ ਥਾਂ ਆਪਣੇ ਪ੍ਰਚਾਰਕ ਬੈਠਾਏ ਸਨ ਤਾਂ ਕਿ ਨਾਮ ਦਾ ਹੋਕਾ ਜੋ ਉਹ ਦੇ ਰਹੇ ਹਨ ਉਹ ਚਲਦਾ ਰਹੇ। ਜਿਹਨੂੰ ਪ੍ਰਤੀਨਿਧ ਥਾਪਿਆ ਜਾਂਦਾ ਸੀ ਕਿਹਾ ਜਾਂਦਾ ਸੀ ਕਿ ਉਨੂੰ ਮੰਜੀ ਬਖਸ਼ੀ ਹੈ। ਗੁਰੂ ਸਾਹਿਬ ਨੇ ਭਾਈ ਸਾਲਸ ਰਾਇ ਨੂੰ ਵੀ ਮੰਜੀ ਬਖਸ਼ ਦਿੱਤੀ ਤੇ ਨਾਲ ਹੀ ਇਹ ਹੁਕਮ ਕਰ ਦਿੱਤਾ ਕਿ ਜਦੋਂ ਤੂੰ ਇਸ ਦੁਨੀਆ ਤੋਂ ਰਵਾਨਾ ਹੋਵੇ ਤੈਨੂੰ ਪਹਿਲਾਂ ਅਹਿਸਾਸ ਹੋ ਜਾਏਗਾ ਤੇ ਮੰਜੀ ਆਪਣੇ ਪ੍ਰਵਾਰ ਵਿੱਚ ਨਹੀ ਦੇਣੀ। ਮੰਜੀ ਤੇ ਆਪਣੇ ਮੁਨੀਮ ਅਧਰੱਖੇ ਨੂੰ ਬੈਠਾ ਕੇ ਜਾਈ। ਗੁਰੂ ਸਾਹਿਬ ਨੇ ਸਾਲਸ ਨੂੰ ਅਹਿਸਾਸ ਦੁਆਇਆ ਕਿ ਅਧਿਆਤਮ ਵਿੱਚ ਅਧਰੱਖਾ ਤੇਰੇ ਤੋਂ ਅੱਗੇ ਹੈ। ਪਰ ਤੇਰਾ ਮਾਲਕ ਹੋਣ ਦਾ ਆਦਰ ਸਤਿਕਾਰ ਕੀਤਾ ਜਾ ਰਿਹਾ ਹੈ। ਇਥੇ ਹੀ ਗੁਰੂ ਸਾਹਿਬ ਨੇ ਮਾਰੂ ਰਾਗ ਵਿੱਚ ਹੇਠਲੀ ਬਾਣੀ ਰਚੀ:-

ਮਾਰੂ ਮਹਲਾ ੧ ॥ ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥ ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥ ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥ ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥ ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥ ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥ ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥

ਵਕਤ ਪਾ ਕੇ ਸਾਲਸ ਰਾਇ ਨੇ ਧਰਮਸਾਲ ਬਣਾਈ ਜਿਸ ਨੂੰ ਅੱਗੇ ਰਾਜੇ ਫਤਹਿ ਚੰਦ ਮੈਨੀ ਨੇ ਹੋਰ ਵਧਾਇਆ।

ਇਹ ਗੱਲ ਆਪਾਂ ਨੂੰ ਸਮਝਣੀ ਪਏਗੀ ਕਿ ਪੱਛਮ ਤੋਂ ਜਿਹੜੇ ਪਠਾਣ ਜਾਂ ਹੋਰ ਮੁਗਲ ਆਦਿ ਹੁਕਮਰਾਨ ਹਿੰਦੁਸਤਾਨ ਦੇ ਹਕੂਮਤ ਕਰਦੇ ਸਨ ਉਹਨਾਂ ਦੇ ਵਜੀਰ ਜਾਂ ਦੀਵਾਨ ਅਕਸਰ ਪੰਜਾਬੀ ਲੋਕ ਹੋਇਆ ਕਰਦੇ ਸਨ। ਇਹ ਪੰਜਾਬੀ ਹੀ ਸਨ (ਖਾਸ ਕਰਕੇ ਖੱਤਰੀ) ਜਿਹੜੇ ਫਾਰਸੀ ਤੇ ਹਿੰਦੁਸਤਾਨੀ ਦੋਵੇ ਬੋਲੀਆਂ ਸਮਝਦੇ ਸਨ। ਸਾਲਸ ਰਾਇ ਵਾਲੀ ਧਰਮਸਾਲ ਹੀ ਜਿਸ ਨੂੰ ਧਰਮਸਾਲ ਛੋਟੀ ਸੰਗਤ ਕਿਹਾ ਜਾਂਦਾ ਸੀ ਅੱਜ ਉਹ ਖਾਲਸਾ ਪੰਥ ਦੇ ਪੰਜ ਤਖਤਾਂ ਵਿੱਚੋਂ ਹੈ। ਇਥੇ ਹੀ ਦਸਮ ਪਾਤਸ਼ਾਹ ਦਾ ਜਨਮ ਹੋਇਆ ਸੀ।




ਗੁਰੂ ਨਾਨਕ ਪਾਤਸ਼ਾਹ ਦੇ ਪਟਨਾ ਵਿਖੇ ਹੋਰ ਵੀ ਸ਼ਰਧਾਲੂ ਬਣ ਗਏ ਸਨ। ਇੱਕ ਕੋਈ ਗੁਰਸਿਖ ਭਾਈ ਜੈਤਮਲ ਹੋਇਆ ਹੈ। ਉਸਨੇ ਵੀ ਪਟਨੇ ਦੇ ਬਿਸ਼ੰਭਰ ਪੁਰ ਇਲਾਕੇ ਵਿੱਚ ਧਰਮਸਾਲ ਬਣਾਈ ਜਿਨੂੰ ਅੱਜ ਗੁਰਦੁਆਰਾ ਗਊ ਘਾਟ ਕਰਕੇ ਜਾਣਿਆ ਜਾਂਦਾ ਹੈ।

----◈-----

ਹਾਜੀਪੁਰੇ ਬਾਬਾ

## ਵੈਸ਼ਨੋ ਪੁੱਛਦਾ "ਬਾਬਾ ਜੀ, ਜਿਉਂਦੇ ਜੀ ਮਾਇਆ ਤੋਂ ਕਿਵੇ ਛੁਟਕਾਰਾ ਪਾਈਏ?"

ਪਟਨੇ ਤੋਂ ਬਾਬੇ ਨੇ ਗੰਗਾ ਪਾਰ ਕੀਤੀ ਤੇ ਨਾਲ ਹੀ ਹਾਜੀਪੁਰ ਸ਼ਹਿਰ ਪਹੁੰਚ ਗਏ। ਬਾਬਾ ਜੀ ਦੀ ਮਸ਼ਹੂਰੀ ਤਾਂ ਦੂਰ ਦੂਰ ਹੋ ਹੀ ਚੁੱਕੀ ਸੀ ਜਦੋਂ ਕਿ ਹਾਜੀ ਪੁਰ ਤਾਂ ਪਟਨੇ ਦੇ ਬਿਲਕੁਲ ਲਾਗੇ ਹੀ ਹੈ। ਹਾਜੀਪੁਰ ਕੁਝ ਧਰਮੀ ਬੰਦਿਆਂ ਜਿੰਨਾਂ ਵਿੱਚ ਕੁਝ ਸਾਧੂ ਤੇ

ਪੈਰ ਸਫਾ

ਵਿਦਵਾਨਾਂ 'ਚ ਬਹਿਸ ਚਲਦੀ ਹੈ ਕਿਹੜਾ ਬਿਸ਼ੰਭਰਪੁਰ? ਜਾਂ ਉਹ ਕਿਥੇ ਹੈ? ਸਾਡਾ ਵਿੱਚਾਰ ਹੈ ਕਿ ਜਦੋਂ ਪਟਨੇ ਵਿੱਚ ਚਲੀ ਆ ਰਹੀ ਮੁਕਾਮੀ ਪਿਤਾ-ਪੁਰਖੀ (ਪ੍ਰੰਪਰਾ) ਸਾਖੀ ਨਾਲ ਮੇਲ ਖਾ ਚੁੱਕੀ ਹੈ ਤਾਂ ਫਿਰ ਦੁਬਿਧਾ ਵਾਸਤੇ ਤਾਂ ਕੋਈ ਤੁੱਕ ਬਚਦੀ ਹੀ ਨਹੀ।

'ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ" - ਸਾਖੀ ਜੋ ਸਾਰੀਆਂ ਹੀ ਜਨਮ ਸਾਖੀ ਵਿਚ ਆਉਦੀ ਹੈ ਉਹ ਬਿਹਾਰ ਵਿਚ ਹੋਈ ਘਟਨਾ ਮੰਨੀ ਜਾਂਦੀ ਸੀ। ਦਰ ਅਸਲ ਇਹ ਘਟਨਾ ਨਜੀਬਾਬਾਦ ਲਾਗੇ ਹਰਦੁਆਰ ਇਲਾਕੇ ਵਿਚ ਵਾਪਰੀ ਸੀ ਜੋ ਸਬੰਧਤ ਇਲਾਕੇ ਵਿਚ ਦੇ ਦਿੱਤੀ ਗਈ ਹੈ। ਵੇਖੋ ਸਫਾ 96.

ਵੈਸਨਵੀ ਗ੍ਰਿਸਤੀ ਵੀ ਸਨ। ਇੱਕ ਵੈਸਨੋ ਬੰਦਾ ਬਾਬਾ ਜੀ ਨੂੰ ਪੁੱਛਣ ਲੱਗ ਪਿਆ ਕਿ ਮਹਾਤਮਾ ਜੀ ਹਰ ਸਾਧੂ ਸੰਤ ਇਹੋ ਦੁਹਾਈ ਦਈ ਜਾਂਦਾ ਹੈ ਕਿ ਬੰਦਿਆ ਧੰਨ ਦੌਲਤ ਦਾ ਮੋਹ ਤਿਆਗ ਦੇ। ਪਰ ਇਹ ਕਿਵੇ ਸੰਭਵ ਹੈ ਕਿਰਪਾ ਕਰਕੇ ਸਾਨੂੰ ਸਮਝਾ ਦਿਓ?

ਗੁਰੂ ਸਾਹਿਬ ਨੇ ਓਥੇ ਸਮਝਾਇਆ ਕਿ ਮਾਇਆ ਦੇ ਇਸ ਪਸਾਰੇ ਤੇ ਨਿਰੰਕਾਰ ਦੇ ਇਸ ਨਾਟਕ ਨੂੰ ਜੇ ਬੰਦਾ ਸਮਝ ਲਏ ਤਾਂ ਮਾਇਆ ਮੋਹ ਆਪੇ ਟਿਕਾਣੇ ਤੇ ਆ ਜਾਏਗਾ। ਸੋ ਹੁਕਮ ਸਮਝਣਾ ਜਰੂਰੀ ਹੈ। ਪਰ ਉਹ ਵੈਸ਼ਨੋ ਸੇਠ ਕਹਿੰਦਾ ਕਿ ਮੈਨੂੰ ਅਜੇ ਵੀ ਸਮਝ ਨਹੀ ਆਇਆ। ਗੁਰੂ ਸਾਹਿਬ ਨੇ ਕਿਹਾ ਕਿ ਠੀਕ ਕਿ ਇਸ ਸਰੀਰ ਨੂੰ ਪਦਾਰਥਾਂ ਦੀ ਜਰੂਰਤ ਹੈ ਭਾਵ ਸਰੀਰ ਦਾ ਸਬੰਧ ਮਾਇਆ ਨਾਲ ਹੈ। ਹੁਣ ਇਹ ਦੱਸੋ ਕਿ ਜਦੋਂ ਤੁਸੀ ਮਰ ਜਾਓਗੇ ਤਾਂ ਤੁਹਾਡੇ ਧੰਨ ਦਾ ਤੁਹਾਡੇ ਨਾਲ ਕੀ ਸਬੰਧ ਰਹਿ ਜਾਏਗਾ? ਅੱਗੋ ਲਾਲਾ ਜੀ ਕਹਿਣ ਲੱਗੇ ਜੀ ਫਿਰ ਤਾਂ ਕੋਈ ਸਬੰਧ ਰਹਿ ਹੀ ਨਹੀ ਜਾਣਾ। ਗੁਰੂ ਸਾਹਿਬ ਨੇ ਕਿਹਾ ਕਿ ਬਸ ਏਨੀ ਕੁ ਗੱਲ ਸਮਝਣ ਦੀ ਜਰੂਰਤ ਹੈ। ਇਸ ਸਚਾਈ ਨੂੰ ਬੰਦਾ ਧਿਆਨ 'ਚ ਰੱਖ ਕੇ ਜੀਵਨ ਜੀਏ। ਫਿਰ ਚੜ੍ਹਦੀ ਕਲਾ ਜਾਂ ਅਨੰਦ ਵਿੱਚ ਜਾਂ ਜੀਵਨ ਮੁਕਤ ਹੋ ਜਾਏਗਾ। ਇਹ ਗੱਲਾਂ ਤੁਹਾਨੂੰ ਗੁਰੂ ਨੇ ਸਮਝਾਉਣੀਆਂ ਨੇ ਇਸ ਕਰਕੇ ਤੁਹਾਡੇ ਵਾਸਤੇ ਜਰੂਰੀ ਹੈ ਕਿ ਕਿਸੇ ਪੂਰਨ ਗੁਰੂ ਦੇ ਚਰਨੀ ਲੱਗੋ। ਓਥੇ ਫਿਰ ਗੁਰੂ ਸਾਹਿਬ ਨੇ ਹੇਠਲਾ ਸ਼ਬਦ ਉਚਾਰਿਆ:-

ਆਸਾ ਮਹਲਾ ੧ ॥ ਤਨੁ ਬਿਨਸੈ ਧਨੁ ਕਾ ਕੋ ਕਹੀਐ ॥ ਬਿਨੁ ਗੁਰ ਰਾਮ ਨਾਮੁ ਕਤ ਲਹੀਐ ॥ ਰਾਮ ਨਾਮ ਧਨੁ ਸੰਗਿ ਸਖਾਈ ॥ ਅਹਿਨਿਸਿ ਨਿਰਮਲੁ ਹਰਿ ਲਿਵ ਲਾਈ ॥੧॥ ਰਾਮ ਨਾਮ ਬਿਨੁ ਕਵਨੁ ਹਮਾਰਾ ॥ ਸੁਖ ਦੂਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥੧॥ ਰਹਾਉ ॥ ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥ ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥ ਹਰਿ ਗੁਰੁ ਦਾਤਾ ਰਾਮ ਗੁਪਾਲਾ ॥ ਜਿਉ ਭਾਵੈ ਤਿਉ ਰਾਖੁ ਦਇਆਲਾ ॥ ਗੁਰਮੁਖਿ ਰਾਮੁ ਮੇਰੈ ਮਨਿ ਭਾਇਆ ॥ ਰੋਗ ਮਿਟੇ ਦੁਖੁ ਠਾਕਿ ਰਹਾਇਆ ॥੩॥ ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥ ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥ ਦੇਖਿ ਅਚਰਜੁ ਰਹੇ ਬਿਸਮਾਦਿ ॥ ਘਟਿ ਘਟਿ ਸੁਰ ਨਰ ਸਹਜ ਸਮਾਧਿ ॥ ਭਰਿਪੁਰਿ ਧਾਰਿ ਰਹੇ ਮਨ ਮਾਹੀ ॥ ਤੁਮ ਸਮਸਰਿ ਅਵਰੁ ਕੋ ਨਾਹੀ ॥੬॥ ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥ ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥ ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥

ਓਥੇ ਫਿਰ ਸਾਰੇ ਹਾਜਰੀਨ ਗੁਰੂ ਸਾਹਿਬ ਦੇ ਚਰਨੀ ਲੱਗੇ।

ਵੈਸ਼ਾਲੀ ਅਤੇ ਹੋਰ ਨੇੜੇ ਤੇੜੇ ਦੇ ਮਹੱਤਵਪੂਰਨ ਟਿਕਾਣਿਆਂ ਤੇ ਗੁਰੂ ਸਾਹਿਬ ਪਟਨਾ ਤੋਂ ਗਏ। ਵੈਸ਼ਾਲੀ ਵਿਖੇ ਪੁਰਾਣੀ ਸਿੱਖ ਸੰਗਤ ਦੀ ਮੌਜੂਦਗੀ ਅੱਜ ਵੀ ਮੌਜੂਦ ਹੈ। ਅਫਸੋਸ ਅਸੀ ਵੈਸ਼ਾਲੀ ਵਾਲੇ ਅਸਥਾਨ ਦੀ ਤਫਸੀਲ ਅਤੇ ਤਸਵੀਰ ਹਾਸਲ ਨਹੀ ਕਰ ਪਾਏ।

ਪਟਨਾ ਤੋਂ 28 ਕਿ. ਮੀ.ਹੇਠਾਂ ਗੰਗਾ ਕੰਢੇ ਕਸਬਾ ਫਤੂਹਾ ਹੈ ਜਿਥੇ ਕਬੀਰ ਕੂੰਆ (ਖੂਹ) ਕਰਕੇ ਕਬੀਰ ਮੱਠ ਹੈ। ਇਥੇ ਗੁਰੂ ਸਾਹਿਬ ਨੇ ਪਧਾਰ ਕੇ ਕਬੀਰ ਪੰਥੀ ਸੰਗਤ ਨੂੰ ਸੰਬੋਧਨ ਕੀਤਾ ਸੀ।





(ਉਪਰ) ਵਿਸ਼ਨੂੰ ਚਰਨ ਪਾਦੁਕਾ ਮੰਦਰ ਗਇਆ। (ਖੱਬੇ) ਪੱਥਰ ਤੇ ਕੁਦਰਤੀ ਤੌਰ ਤੇ ਬਣੇ ਪੈਰ ਦੇ ਨਿਸ਼ਾਨ ਨੂੰ ਹਿੰਦੂ ਲੋਕ ਵਿਸ਼ਨੂ ਭਗਵਾਨ ਦੇ ਪੈਰ ਦਾ ਨਿਸ਼ਾਨ ਮੰਨਦੇ ਹਨ। ਨਿਸ਼ਾਨ 40 ਸੈ. ਮੀ. ਲੰਮਾ ਹੈ।

ਲਗਦਾ ਹੈ ਕਿ ਕੋਈ ਪ੍ਰਸਿੱਧ ਕਬੀਰ ਪੰਥੀ ਮਹਾਂਪੁਰਖ ਵੀ ਇਥੇ ਰਹਿ ਰਿਹਾ ਸੀ। ਕਿਉਕਿ ਪਟਨਾ ਸਾਹਿਬ ਦੀ ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਇਥੇ ਕਬੀਰ ਸਾਹਿਬ ਨੂੰ ਮਿਲੇ ਸਨ। ਪਰ ਇਤਹਾਸ ਤੌਰ ਤੇ ਕਬੀਰ ਸਾਹਿਬ ਅਤੇ ਗੁਰੂ ਸਾਹਿਬ ਦਾ ਮੇਲ ਸਾਬਤ ਨਹੀ ਹੁੰਦਾ।

----◆-----

ਸਤੰਬਰ 1509

## ਬਾਬਾ ਪਹੁੰਚ ਗਇਆ ਬੋਧ ਗਇਆ ਪਿੰਡ ਦਾਨ ਪ੍ਰਥਾ ਦਾ ਕੀਤਾ ਖੰਡਨ

ਪਟਨੇ ਤੋਂ ਗੁਰੂ ਸਾਹਿਬ 100 ਕਿਲੋਮੀਟਰ ਦਾ ਪੈਂਡਾ ਕਰਕੇ ਬੰਗਾਲ ਬਿਹਾਰ ਦੇ ਪ੍ਰਸਿੱਧ ਹਿੰਦੂ ਸਥਾਨ ਆ ਗਏ ਗਇਆ। ਗਇਆ ਅੱਜ ਬਿਹਾਰ ਦਾ ਦੂਸਰੇ ਨੰਬਰ ਤੇ ਵੱਡਾ ਸ਼ਹਿਰ ਹੈ। ਕਿਸੇ ਵੇਲੇ ਇਹ ਸਭ ਤੋਂ ਵੱਡਾ ਸੀ। ਲਾਗੇ ਹੀ ਬੋਧ ਗਇਆ ਹੈ ਜਿੱਥੇ ਭਗਵਾਨ ਬੁੱਧ ਨੂੰ ਗਿਆਨ ਹੋਇਆ ਸੀ: ਬੋਹੜ ਦੇ ਥੱਲੇ। ਸੋ ਅੱਜ ਵੀ ਇਹ ਦੁਨੀਆ ਭਰ ਦੇ ਬੋਧੀਆਂ ਦਾ ਸਭ ਤੋਂ ਪਵਿਤਰ ਅਸਥਾਨ ਹੈ।

ਪਰ ਮੂਲ ਵਿੱਚ ਇਹ ਸਨਾਤਨ ਹਿੰਦੂ ਸਥਾਨ ਹੈ। ਇਥੋਂ ਦਾ



ਗਇਆ ਦਾ ਪਿੰਡ ਦਾਨ- ਬਾਬੇ ਨੇ ਕਿਹਾ ਤੁਹਾਡੀਆਂ ਇਹ ਗਰੋਲੀਆਂ ਬਜੁਰਗਾਂ ਤਕ ਨਹੀ ਪਹੁੰਚਦੀਆਂ। ਕਿਓ ਲੋਕਾਈ ਨੂੰ ਮੂਰਖ ਬਣਾਉਦੇ ਹੋ।

ਵਿਸ਼ਨੂੰ ਪਦ ਮੰਦਰ ਇਸ ਕਰਕੇ ਮਸ਼ਹੂਰ ਹੈ ਕਿਉਕਿ ਇਥੇ ਪੱਥਰ ਤੇ 16 ਇੰਚ ਲੰਮੇ ਇੱਕ ਪੈਰ ਦਾ ਨਿਸ਼ਾਨ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਇਹ ਭਗਵਾਨ ਵਿਸ਼ਨੂੰ ਦਾ ਪੈਰ ਹੈ।

ਦੂਸਰੇ ਪਾਸੇ ਕਥਾ ਮਸ਼ਹੂਰ ਹੈ ਕਿ ਇਹ ਸ਼ਹਿਰ ਗਇਆਸੁਰ ਰਾਖਸ਼ ਦਾ ਸੀ ਜਿੰਨੇ ਵਿਸ਼ਨੂੰ ਕੋਲੋ ਵਰ ਲੈ ਰਖਿਆ ਸੀ ਕਿ ਜਿਹੜਾ ਮੇਰਾ ਦਰਸ਼ਨ ਕਰੇ ਉਹਦੀ ਮੁਕਤੀ ਹੋ ਜਾਵੇ। ਇਸ ਵਜਾ ਕਰਕੇ ਗਇਆ ਹਿੰਦੂਆਂ ਦੇ ਵੱਡੇ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਜਿਵੇ ਹਰਦੁਆਰ ਹੁੰਦਾ ਹੈ । ਇਥੇ ਵੀ ਲੋਕ ਆਪਣੇ ਬਜੁਰਗਾਂ ਦੀ ਮੁਕਤੀ ਲਈ ਆਉਦੇ ਹਨ ਤੇ ਪਿੰਡ ਦਾਨ ਕਰਦੇ ਹਨ। ਇਥੋਂ ਦੇ ਪੰਡੇ ਦਾਅਵਾ ਕਰਦੇ ਹਨ ਕਿ ਭਗਵਾਨ ਰਾਮ ਨੇ ਆਪਣੇ ਬਜੁਰਗਾਂ ਦਾ ਪਿੰਡ ਦਾਨ ਇਥੇ ਹੀ ਕਰਵਾਇਆ ਸੀ। ਇਸ ਸ਼ਹਿਰ ਦਾ ਜਿਕਰ ਮੁੱਖ ਹਿੰਦੂ ਸ਼ਾਸਤਰਾਂ ਜਿਵੇ ਰਮਾਇਣ ਮਹਾਂ ਭਾਰਤ ਤੇ ਹੋਰ ਪੁਰਾਣਾ ਵਿੱਚ ਹੈ।

ਸੋ ਐਡਾ ਵੱਡਾ ਤੀਰਥ ਹੋਵੇ ਤੇ ਭਲਾ ਬਾਬਾ ਨਾਂ ਪਹੁੰਚੇ ਇਹ ਹੋ ਹੀ ਨਹੀ ਸੀ ਸਕਦਾ। ਸੋ ਬਨਾਰਸ ਤੋਂ ਅਯੁਧਿਆਂ ਆਦਿ ਘੁੰਮਦਾ ਘੁੰਮਾਦਾ ਬਾਬਾ ਇਥੇ ਵੀ ਆ ਪਹੁੰਚਿਆ। ਬਨਾਰਸ ਸ਼ਿਵਰਾਤਰੀ ਤੇ ਸੀ ਤੇ ਇਥੇ ਵਸਾਖੀ ਤੇ ਪਹੁੰਚ ਗਿਆ। ਅੰਦਾਜਨ ਸੰਨ 2008 ਦੀ ਵਸਾਖੀ।

ਜਿਵੇ ਬਾਬਾ ਫਲਗੂ ਨਦੀ ਕਿਨਾਰੇ ਪਹੁੰਚਿਆ, ਪਾਂਡਿਆਂ ਨੇ ਬੋਚ ਲਿਆ। ਜੀ ਆਓ ਆਪਣੇ ਬਜੁਰਗਾਂ ਦਾ ਪਿੰਡ ਦਾਨ ਕਰਵਾਓ। ਬਾਬਾ ਹੋਰ ਕੀ ਚਾਹੇ? ਪੰਡੇ ਨੇ ਜਦੋਂ ਰਸਮ ਸ਼ੁਰੂ ਕੀਤੀ ਬਾਬਾ ਕਹਿਣ ਲੱਗਾ ਮੇਰੇ ਪੰਜਾਬੀ ਬਜੁਰਗ ਤੇਰੀਆਂ ਆਹ ਚਾਰ ਪੰਜ ਗਰੋਲੀਆਂ ਨਾਲ ਕਿਵੇ ਰੱਜਣਗੇ? ਪੰਡਤ ਕਹਿੰਦਾ ਨਹੀ ਜੀ ਇਹ ਰਸਮ ਹੈ। ਗੁਰੂ ਸਾਹਿਬ ਕਹਿੰਦਾ ਮੈਂ ਨਹੀ ਕਿਸੇ ਰਸਮ ਨੂੰ ਮੰਨਦਾ ਜਿੱਦੇ ਪਿੱਛੇ ਕੋਈ ਤੁੱਕ ਦਲੀਲ ਨਾਂ ਹੋਵੇ। ਨਾਲੇ ਤੇਰੇ ਇਹ ਪਿੰਡ ਜਾਂ ਗਰੋਲੀਆਂ ਮੇਰੇ ਬਜੁਰਗਾਂ ਤੱਕ ਕਿਵੇ ਪੁਹੁੰਚਣਗੇ? ਤੈਨੂੰ ਪਤਾ ਹੈ ਉਹ ਕਿਥੇ ਨੇ?

ਨਿਰੰਕਾਰ ਸਰੂਪ ਗੁਰੂ ਨਾਨਕ ਤਿੰਨਾਂ ਕਾਲਾਂ (ਭੂਤ, ਵਰਤਮਾਨ ਤੇ ਭਵਿਖ) ਦੇ ਜਾਨਣਹਾਰ ਨੇ ਜਦੋਂ ਪੰਡਤ ਦੇ ਨਿੰਜ ਤੇ ਸਵਾਲ ਉਠਾਏ ਤਾਂ ਪਾਂਡੇ ਦੀਆਂ ਤਾਂ ਅੱਖਾਂ ਖੁੱਲੀਆਂ ਦੀਆਂ ਖੁੱਲੀਆ ਹੀ ਰਹਿ ਗਈਆਂ। ਜਿਵੇ ਸਵਾਲ ਜਵਾਬ ਹੋਏ ਪੰਡਤ ਢਹਿ ਪੈਰੀ ਪੈ ਗਿਆ। "ਜੀ ਇਹ ਸਾਡੀ ਰੋਜੀ ਰੋਟੀ ਹੈ।" ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਭਾਈ ਰੋਜੀ ਰੋਟੀ ਦੇ ਹੋਰ ਵੀ ਸਾਧਨ ਹੈਗੇ ਨੇ ਕਿਓ ਰੱਬ ਦੀ ਭੋਲੀ ਭਾਲੀ ਜਨਤਾ ਨੂੰ ਬੇਵਕੂਫ ਬਣਾਉਦੇ ਹੋ? ਰੱਬ ਤੋਂ ਡਰੋ। ਪਿੰਡ ਦਾਨ ਜਾਂ ਸਰਾਧ ਵਗੈਰਾ ਦੇ ਸਾਰੇ ਸਿਧਾਂਤ ਦਾ ਇਥੇ ਵੀ ਖੰਡਣ ਕੀਤਾ (ਵੇਖੋ: ਪੇਹੋਵਾ ਸਾਖੀ ਸਫਾ-82 ) ਪਰ ਇਥੇ ਵੀ ਗੁਰੂ ਪਾਤਸ਼ਾਹ ਨੇ ਜੋ ਬਾਣੀ ਰਚੀ ਉਹ ਇਸ ਪ੍ਰਕਾਰ ਹੈ:

**ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥ ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥**

ਬਾਬੇ ਨੇ ਕਿਹਾ ਹਾਂ ਮੈਂ ਵੀ ਦੀਵਾ ਵੱਟੀ ਕਰਦਾ ਵਾਂ। ਹਰੀ ਦੀ ਸਿਫਤ ਸਲਾਹ ਦਾ ਦੀਵਾ ਬਣਾਉਨੈ ਮੈ, ਉਹਦੇ ਵਿੱਚ ਜੀਆਂ ਦੇ ਸਾਰੇ ਦੁੱਖਾਂ ਨੂੰ ਤੇਲ ਵਾਂਙੂ ਪਾ ਫੂਕ ਦਿੰਨਾਂ ਵਾਂ। ਫਿਰ ਜਦੋਂ ਦੀਵਾ ਬਲਦਾ ਹੈ ਅਜਿਹਾ ਚਾਨਣ ਹੁੰਦਾ ਹੈ ਕਿ ਸਾਰੇ ਦੁੱਖ ਹਰਨ ਹੋ ਜਾਂਦੇ ਨੇ। ਬੰਦਾ ਚੜ੍ਹਦੀ ਕਲਾ ਵਿੱਚ ਆ ਜਾਂਦਾ ਹੈ। ਇਥੋਂ ਤੱਕ ਕਿ ਮੌਤ ਦਾ ਭੈਅ ਵੀ ਮੁੱਕ ਜਾਂਦਾ ਹੈ। ਜਿਵੇ ਲੱਖਾਂ ਮਣ ਲਕੜੀ ਹੋਵੇ ਤੇ ਇੱਕ ਚੰਗਿਆੜੀ ਉਹਦਾ ਕੰਮ ਤਮਾਮ ਕਰ ਦਿੰਦੀ ਹੈ ਨਾਮ ਦਾ ਵੀ ਇਹੋ ਹਿਸਾਬ ਹੈ। ਸਾਰੇ ਦੁੱਖ ਤਕਲੀਫਾਂ ਚਿੰਤਾਵਾਂ ਦਾ ਭਬਾਕਾ ਵੱਜ ਜਾਂਦਾ ਹੈ।

ਇਨਾਂ ਕਹਿਣਾਂ ਸੀ ਕਿ ਹਿਰਦੇ ਤੋਂ ਦੁੱਖੀ ਆਪ ਵੀ ਪੰਡਾ ਰੋ ਪਿਆ ਕਿ ਬਾਬਾ ਮੇਰਾ ਵੀ ਦੀਵਾ ਵੱਟੀ ਕਰ ਦੇ। ਸੋ ਬਾਬੇ ਨੇ ਪਾਂਡਿਆਂ ਨੂੰ ਵੀ ਨਿਰੰਕਾਰ ਦੀ ਸਿਫਤ ਸਾਲਾਹ ਵਿੱਚ ਲਾਇਆ ਤੇ ਅੱਗੇ ਤੋਂ ਵਾਇਦਾ ਲਿਆ ਕਿ ਗਰੀਬ ਜਨਤਾ ਦਾ ਸ਼ੋਸ਼ਣ ਨਹੀ ਕਰਨਗੇ, ਜਾਤ ਦੇ ਨਾਂ ਕਿਸੇ ਨੂੰ ਨਫਰਤ ਨਹੀ ਕਰਨੀ, ਧਰਮ ਦੀ ਕਿਰਤ ਕਰਨੀ, ਵਾਧੂ ਦੀਆਂ ਰਸਮਾਂ ਨਹੀ ਪਾਲਣੀਆ ਕਿ ਰੋਟੀ ਵੇਲੇ ਚੌਂਕਾਕਾਰ ਕੱਢਣਾ, ਵਰਤ ਰੱਖਣ ਵਾਸਤੇ ਲੋਕਾਂ ਨੂੰ ਪ੍ਰੇਰਨਾ ਦੇਣੀਆਂ, ਸਬਰ ਸੰਤੋਖ ਨਾਲ ਜੀਵਨ ਬਤੀਤ ਕਰਨਾਂ, ਰੱਬ ਦੀ ਰਜਾ ਵਿੱਚ ਰਾਜੀ ਰਹਿਣਾ। ਮਹੰਤ ਨੇ ਮੁੱਖ ਮੰਦਰ ਭਾਵ ਵਿਸ਼ਨੂੰ





ਵਿਸ਼ਨੂਪਦ ਮੰਦਰ ਦੇ ਨਾਲ ਹੀ ਮੌਜੂਦ ਹੈ ਗੁਰਦੁਆਰਾ ਦਿਓ ਘਾਟ ਸਾਹਿਬ ਜਿਥੇ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਇਹ ਅੱਜ ਕਲ ਬੰਦ ਹੈ ਕਿਉਕਿ ਇਸ ਦੀ ਮਲਕੀਅਤ ਨੂੰ ਲੈ ਕੇ ਅਦਾਲਤ ਵਿਚ ਕੇਸ ਚਲ ਰਿਹਾ ਹੈ। ਯਾਦ ਰਹੇ ਬਾਬਾ ਸ੍ਰੀ ਚੰਦ ਦੇ ਉਦਾਸੀ ਅੱਜ ਵਾਪਸ ਹਿੰਦੂ ਧਰਮ ਵਲ ਪਰਤ ਰਹੇ ਨੇ।

ਪਦ ਮੰਦਰ ਦੇ ਨਾਲ ਹੀ ਧਰਮਸਾਲ ਬਣਵਾ ਦਿੱਤੀ। ਜਿੱਥੇ ਨਿਰੰਕਾਰ ਦੇ ਜਸ ਦਾ ਗਾਇਨ ਚਲਦਾ। ਇਹੋ ਮੰਨਿਆ ਜਾਦਾ ਹੈ ਕਿ ਗਇਆ ਦੀ ਯਾਤਰਾ ਮੌਕੇ ਗੁਰੂ ਸਾਹਿਬ ਨੇ ਇਥੇ ਨਿਵਾਸ ਕੀਤਾ ਸੀ।

ਏਸੇ ਮਹੰਤ (ਮਹੰਤ ਦੇਵ ਗਿਰਿ ) ਦੀ ਤੀਸਰੀ ਪੀੜੀ ਵਿੱਚ ਭਗਤ ਗਿਰਿ ਹੋਇਆ ਹੈ ਜਿਸ ਨੇ ਕੋਈ 360 ਹੋਰ ਮਹੰਤਾਂ ਨੂੰ ਸਿੱਖੀ ਨਾਲ ਜੋੜਿਆ। ਛੇਵੀ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਨੂੰ ਭਗਤ ਭਗਵਾਨ ਦੀ ਉਪਾਧੀ ਦਿੱਤੀ ਜਿਸ ਕਰਕੇ ਇਹ ਸੰਪਰਦਾਇ ਭਗਤ ਭਗਵਾਨੀਏ ਕਹਾਈ। ਕਈ ਲਿਖਾਰੀਆਂ ਅਨੁਸਾਰ ਇਥੇ ਵੀ ਗੁਰ ਸਿੱਖੀ ਬਾਬਾ ਅਲਮਸਤ ਦੇ ਯਤਨਾਂ ਸਦਕਾ ਹੀ ਬਰਕਰਾਰ ਰਹੀ। 1930 ਈ ਤੱਕ ਇਥੇ ਉਦਾਸੀਆਂ ਕੋਲ ਇੱਕ ਪੁਰਾਤਨ ਮੋਹਰ ਮੌਜੂਦ ਹੁੰਦੀ ਸੀ । ◘ ਜਿਸ ਤੇ ਹੇਠ ਲਿਖੀ ਇਬਾਰਤ ਲਿਖੀ ਹੈ:-



ਬੋਧ ਗਇਆ ਦਾ ਮਹਾਂ ਬੋਧੀ ਬੋੜ ਜਿਹਦੇ ਥੱਲੇ ਬੈਠ ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ।

ਸ੍ਰੀ ਵਾਹਿਗੁਰੂ ਕਰਤਾਰ॥
ਨਾਨਕ ਅਲਮਸਤ॥
ਰਾਜ ਗੁਰੂ ਤਖਤ॥ ਨਾਨਕ ਸਤਿ॥

ਮੰਦਰ ਦੇ ਨਾਲ ਮੌਜੂਦ ਗੁਰਦੁਆਰਾ ਦਿਓ ਘਾਟ ਸਾਹਿਬ ਕਹਾਉਦਾ ਹੈ। ਜੋ ਅੱਜ ਉਜਾੜ ਹੈ। ਕਿਉਕਿ 1984 ਤੋਂ ਬਾਦ ਬ੍ਰਾਹਮਣ ਪੰਡਿਆਂ ਨੂੰ ਆਰ ਐਸ ਐਸ ਨੇ ਸਿੱਖੀ ਨਾਲੋਂ ਨਖੇੜ ਦਿੱਤਾ ਹੈ।

ਇਥੋਂ ਨੇੜੇ ਹੀ ਗੁਰੂ ਸਾਹਿਬ ਨੇ ਬੋਧੀਆਂ ਦਾ ਪਵਿਤਰ ਸਥਾਨ ਬੋਧ ਗਇਆ ਵੇਖਿਆ ਤੇ ਬੋਧੀ ਭਿਖਸ਼ੂਆਂ ਨਾਲ ਲੰਮੀ ਗੱਲ ਬਾਤ ਕੀਤੀ। ਬੋਧੀਆਂ ਆਤਮਿਕ ਦੁੱਖਾਂ ਬਾਰੇ ਲੰਮੀ ਚੌੜੀ ਫਿਲਾਸਫੀ ਹੈ। ਦੁੱਖ ਤੋਂ ਕਿਵੇ ਬਚਣਾ ਹੈ। ਗੁਰੂ ਸਾਹਿਬ ਨੇ ਤਾਂ ਜਟਕੀ ਗੱਲ ਕਰ ਦਿੱਤੀ । "**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥**" ਕਿ ਸਿਫਤ ਸਾਲਾਹ ਜਾਂ ਨਾਮ ਦੀ ਸ਼ਰਨ ਵਿੱਚ ਗਏ ਤੇ ਮੇਰਾ ਦੁੱਖ ਐਉ ਨਸਿਆ ਜਿਵੇ ਬਲਦੇ ਦੀਵੇ ਵਿੱਚੋਂ ਤੇਲ।

ਕਿਉਕਿ ਬੋਧੀ ਨਿਰੰਕਾਰ ਦੀ ਹੋਂਦ ਤੋਂ ਆਕੀ ਹਨ ਲੱਗਦੈ ਹੈ ਕਿ ਗੁਰੂ ਸਾਹਿਬ ਨੇ ਇਥੇ ਵੀ ਚੋਖਾ ਸਮਾਂ ਬਿਤਾਇਆ ਹੋਵੇਗਾ ਉਨਾਂ ਨੂੰ ਸਮਝਾਉਣ ਤੇ। ਫਿਰ ਬੁੱਧਮਤ ਵੀ ਬੰਦੇ ਨੂੰ ਸੰਨਿਆਸ ਵਲ ਧਕਦਾ ਹੈ ਇਸ ਮਸਲੇ ਤੇ ਗੱਲਾਂ ਬਾਤਾਂ ਹੋਈਆਂ ਹੋਣਗੀਆਂ। ਇਸ ਸਬੰਧ ਵਿੱਚ ਬਹੁਤ ਸਾਰੀ ਬਾਣੀ ਮਿਲਦੀ ਹੈ ਪਰ ਸਾਫ ਤੌਰ ਤੇ ਇਹ ਕਹਿਣਾ ਕਿ ਕਿਹੜਾ ਸ਼ਬਦ ਇਥੇ ਰਚਿਆ ਕਹਿਣਾ ਮੁਸ਼ਕਲ ਹੈ। ਪਰ ਜੈਨੀ ਹਿੰਸਾ ਅਹਿੰਸਾ ਦੀ ਬੜੀ ਗੱਲ ਕਰਦੇ ਨੇ ਜੋ ਲਫਜ਼ ਪੰਜਾਬੀ ਵਿੱਚ ਜਿਆਦਾ ਪ੍ਰਚਲਤ ਨਹੀ ਹੈ। ਗੁਰੂ ਸਾਹਿਬ ਨੇ ਅਜਿਹਾ ਹੀ ਕੋਈ ਸ਼ਬਦ ਇਥੇ ਕਿਹਾ ਹੋਵੇਗਾ:-

ਸਿਰੀਰਾਗੁ ਮਹਲਾ ੧ ॥ ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥ ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥ ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥

----◈-----

## ਰਾਜਾ ਬਲੀ ਦੇ ਸ਼ਹਿਰ ਪਹੁੰਚਿਆ ਬਾਬਾ ਨਾਨਕ○

ਗਇਆ ਤੋਂ 65 ਕਿਲੋ ਮੀਟਰ ਚੜ੍ਹਦੇ ਵਲ ਹੈ ਇਤਹਾਸਿਕ ਕਸਬਾ ਰਜੌਲੀ। ਇਹਦਾ ਨਾਂ ਰਾਜਾ ਬਲੀ ਤੋਂ ਵਿਗੜਦਾ ਵਿਗੜਦਾ ਰਜੌਲੀ ਬਣਿਆ ਹੈ। ਇਹ ਉਹੋ ਰਾਜਾ ਬਲੀ ਹੈ ਜਿਸ ਨੂੰ ਬ੍ਰਾਹਮਣ ਬਹੁਤ ਦਾਨੀ ਗਿਣਦੇ ਨੇ। ਜਿਸ ਕੋਲੋ ਵਿਸ਼ਨੂ ਦੇ ਵੌਣੇ ਅਵਤਾਰ ਨੇ ਢਾਈ ਕਦਮਾਂ ਧਰਤੀ ਮੰਗੀ ਸੀ। ਦੋ ਕਦਮਾਂ ਵਿੱਚ ਹੀ ਬੌਣੇ ਭਗਵਾਨ ਨੇ ਸਾਰੀ ਜਮੀਨ ਨਾਪ ਲਈ ਤੇ ਬਲੀ ਵੇਖਦਾ ਹੀ ਰਹਿ ਗਿਆ। ਵੌਣਾ ਫਿਰ ਪੁੱਛਦਾ ਕਿ ਦੱਸ ਅਗਲਾ ਪੈਰ ਕਿਥੇ ਰੱਖਾਂ? ਤਾਂ ਬਲੀ ਨੇ ਕਿਹਾ ਮੇਰੇ ਸਿਰ ਤੇ ਰੱਖ ਲੈ।

ਉਨਾਂ ਦਿਨਾਂ ਵਿੱਚ ਰਜੌਲੀ (ਸਮੇਤ ਗੁਰਪਾ - ਗੁਰੂ ਦਾ ਪਾਂਵ ਭਾਵ ਪੈਰ) ਮਸ਼ਹੂਰ ਹਿੰਦੂ ਤੇ ਬੋਧੀ ਸਥਾਨ ਤੇ ਵੱਡਾ ਧਾਰਮਿਕ ਕੇਂਦਰ ਵੀ। ਗੁਰੂ ਸਾਹਿਬ ਇਸ ਇਤਿਹਾਸਕ ਅਸਥਾਨ ਤੇ ਜਦੋਂ ਪਧਾਰੇ ਤਾਂ ਇਨਾਂ ਦੇ ਦਰਸ਼ਨਾਂ ਨੂੰ ਦੂਰੋ ਦੂਰੋ ਲੋਕ ਆਉਣੇ ਸ਼ੁਰੂ ਹੋ ਗਏ। ਇਲਾਕੇ ਦਾ ਇੱਕ ਮੁਸਲਮਾਨ ਫਕੀਰ ਨਾਮ ਕੱਲਣ ਸ਼ਾਹ ਵੀ ਇਨ੍ਹਾਂ ਨੂੰ ਲੁੱਕ ਛਿਪ ਕੇ ਸੁੱਣਦਾ ਹੁੰਦਾ ਸੀ। ਇੱਕ ਦਿਨ ਫਿਰ ਕੁਝ ਸ਼ੰਕੇ ਲੈ ਕੇ ਗੁਰੂ ਸਾਹਿਬ ਦੇ ਸਨਮੁੱਖ ਹੀ ਹੋ ਗਇਆ। ਕੀਰਤਨ ਚਲ ਰਿਹਾ ਸੀ। ਉਹ ਕੀਰਤਨ ਸੁਣ ਕੇ ਹੀ ਕੀਲਿਆ ਗਇਆ ਤੇ ਸਿੱਖੀ ਧਾਰਨ ਕੀਤੀ। ਓਹਦੇ ਅਸਥਾਨ ਤੇ ਜੋ ਇਮਾਰਤ ਹੈ ਛੋਟੀ ਸੰਗਤ ਧਰਮਸਾਲ ਕਹਾਉਦੀ ਹੈ। ਇਥੋ ਦਾ ਮਹੰਤ ਅਮੂਮਨ ਮੁਸਲਮਾਨ ਹੋਇਆ ਕਰਦੇ ਹਨ। ਜਿੱਥੇ ਗੁਰੂ ਸਾਹਿਬ ਸ਼ੁਰੂ 'ਚ ਪਧਾਰੇ ਸਨ ਉਹ ਬੜੀ ਸੰਗਤ ਕਹਾਉਦੀ ਹੈ। ਇਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਹਨ ਤੇ ਵੱਡੀ ਇਮਾਰਤ



ਹੈ।

ਇਲਾਕੇ ਦੇ ਸਭ ਹਿੰਦੂ ਮੁਸਲਮਾਨ ਲੋਕਾਂ ਵਿੱਚ ਇਨਾਂ ਅਸਥਾਨਾਂ ਪ੍ਰਤੀ ਸ਼ਰਧਾ ਹੈ। ਉਂਜ ਲੋਕ ਸਿੱਖੀ ਸਿਧਾਂਤ ਭੁੱਲ ਚੁੱਕੇ ਹਨ। ਸਿਰਫ ਗੁਰੂ ਸਾਹਿਬ ਦਾ ਨਾਂ ਹੀ ਬਚਿਆ ਹੈ।

----◈-----

ਰਜੌਲੀ ਤੋਂ ਬਾਬਾ ਗਇਆ ਰਾਜਗੀਰ

## ਰਾਜਗੀਰ ਠੰਡੇ ਜਲ ਦਾ ਚਸ਼ਮਾ ਜਾਰੀ ਕੀਤਾ

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ

ਰਜੌਲੀ ਤੋਂ ਕੋਈ 50 ਕਿਲੋਮੀਟਰ ਦਾ ਸਫਰ ਕਰਕੇ ਬਾਬਾ ਪਹੁੰਚ ਗਇਆ ਰਾਜਗੀਰ। ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਹੋਲੀ ਦੇ ਤਿਉਹਾਰ (24 ਫਗਣ ਭਾਵ ਅਜਕਲ ਦਾ 6 ਮਾਰਚ) ਤੇ ਇਥੇ ਪਹੁੰਚੇ ਸਨ ਜਦੋਂ ਹਜਾਰਾਂ ਸਾਧੂ ਤੇ ਹੋਰ ਭਗਤ ਜਨ ਮੇਲੇ ਤੇ ਆਏ ਹੋਏ ਸਨ ਰਾਜਗੀਰ ਜਾਂ ਰਾਜਗ੍ਰਿਹ ਬਹੁਤ ਹੀ ਪੁਰਾਣਾ ਹਿੰਦੂ, ਬੁੱਧਮਤ ਤੇ ਜੈਨਮਤ ਦਾ ਸਥਾਨ ਹੈ। ਮਹਾਂਭਾਰਤ ਵਿੱਚ ਇੱਕ ਜਰਾਸੰਧ ਰਾਜੇ ਦੀ ਕਹਾਣੀ ਆਉਦੀ ਹੈ ਜਿਸ ਨਾਲ ਭਗਵਾਨ ਕ੍ਰਿਸ਼ਨ ਦੇ 18 ਯੁਧ ਹੁੰਦੇ ਨੇ ਪਰ 18 ਵੇਂ ਯੁਧ ਵਿੱਚ ਭਗਵਾਨ ਮੈਦਾਨ ਛੱਡ ਕੇ ਭੱਜ ਜਾਂਦਾ ਹੈ ਤੇ ਇਸ ਕਰਕੇ ਭਗਵਾਨ ਕ੍ਰਿਸ਼ਨ ਦੇ ਸ਼ਰਧਾਲੂ ਉਨੂੰ ਭਗਵਾਨ ਰਣਛੋੜ ਵੀ ਕਹਿੰਦੇ ਨੇ।

ਇਹ ਉਹ ਥਾਂ ਹੈ ਜਿੱਥੇ ਭਗਵਾਨ ਬੁੱਧ ਨੇ ਕਈ ਮਹੀਨੇ ਭਗਤੀ ਕਰਦਿਆਂ ਬਿਤਾਏ ਤੇ ਇਥੋ ਨੇੜੇ ਹੀ (12 ਕਿਲੋਮੀਟਰ) ਮਸ਼ਹੂਰ ਪੁਰਾਤਨ ਨਲੰਦਾ ਯੂਨੀਵਰਸਿਟੀ ਮੌਜੂਦ ਸੀ।

ਇਤਹਾਸ ਅਨੁਸਾਰ ਇਹ ਬਾਦਸ਼ਾਹ ਬਿੰਬੀਸਾਰ ਤੇ ਅਜਾਤਸ਼ਤ੍ਰੂ ਦੇ ਮਗਧ ਰਾਜ ਦੀ ਰਾਜਧਾਨੀ ਸੀ। ਪਰ ਬਾਦ ਵਿੱਚ ਅਜਾਤਸ਼ਤਰੂ ਨੇ ਰਾਜਧਾਨੀ ਪਾਟਲੀਪੁਤ੍ਰ ਬਣਾ ਲਈ ਸੀ। ਜੈਨ ਧਰਮ ਦੇ ਭਗਵਾਨ ਮਹਾਂਵੀਰ ਨੇ ਇਥੇ 14 ਸਾਲ ਬਿਤਾਏ।



ਗੁਰਦੁਆਰਾ
ਸੀਤਲ ਜਲ ਚਸ਼ਮਾ, ਰਾਜਗੀਰ



ਸੀ ਇਥੇ ਗੁਰੂ ਸਾਹਿਬ ਨੇ ਮੁਖ ਤੌਰ ਤੇ ਬੋਧੀ ਤੇ ਜੈਨੀ ਸਾਧੂਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਿਆ ਤੇ ਇਹ ਸਾਬਤ ਕੀਤਾ ਕਿ ਨਾਮ ਜਪਣਾ ਹੀ ਨਿਰੰਕਾਰ ਪ੍ਰਾਪਤੀ ਦਾ ਇਕੋ ਇੱਕ ਰਾਹ। ਸਰੀਰ ਨੂੰ ਤਸੀਏ ਦੇਣੇ ਰੱਬ ਦੇ ਰਾਹ ਵਿੱਚ ਜਾਇਜ ਨਹੀ ਹਨ।




ਇਥੇ ਕੁਦਰਤੀ ਤੌਰ ਤੇ ਕੁਝ ਗਰਮ ਪਾਣੀ ਦੇ ਚਸ਼ਮੇ ਹਨ। ਓਥੇ ਮੌਜੂਦ ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਪਾਣੀ ਦੇ ਚਸ਼ਮੇ ਗਰਮ ਹੋਣ ਕਰਕੇ ਗਰਮੀਆਂ ਦੇ ਦਿਨਾਂ ਵਿੱਚ ਮੁਸ਼ਕਲ ਆਉਦੀ ਹੈ। ਓਥੇ ਫਿਰ ਸਾਹਿਬ ਨੇ ਠੰਡੇ ਜਲ ਦਾ ਚਸ਼ਮਾ ਜਾਰੀ ਕਰ ਦਿੱਤਾ ਜੋ ਅਜ ਤੱਕ ਮੌਜੂਦ ਹੈ।⊙ ਗੁਰਸਿੱਖਾਂ ਨੇ ਇਥੇ ਗੁਰਦੁਆਰਾ ਵੀ ਬਣਾ ਦਿੱਤਾ ਹੈ।

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਸ਼ਬਦ ਲੱਗਦੈ ਗੁਰੂ ਸਾਹਿਬ ਨੇ ਜੈਨੀਆਂ ਤੇ ਬੋਧੀਆਂ ਨੂੰ ਮੱਦੇ ਨਜਰ ਰੱਖ ਕੇ ਇਥੇ ਹੀ ਰਚਿਆ

ਗੂਜਰੀ ਮਹਲਾ ੧ ॥ ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥ ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥੧॥ ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥ ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥ ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥ ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥ ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥ ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥ ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥ ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥੬॥ ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥੭॥ ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥

ਰਾਜਗੀਰ ਤੋਂ ਗੁਰੂ ਨਾਨਕ ਸਾਹਿਬ ਵਾਪਸ ਪਟਨਾ ਆ ਗਏ।

----◈-----

ਪਟਨੇ ਤੋਂ ਫਿਰ ਗੁਰੂ ਸਾਹਿਬ ਮੁੰਘੇਰ ਗਏ ਤੇ ਓਥੋਂ ਭਾਗਲਪੁਰ। ਮੁੰਘੇਰ ਵਿਖੇ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ 1930ਈ ਤੱਕ ਤਾਂ ਮੌਜੂਦ ਸੀ। (ਅੱਜ ਵੀ ਚੜ੍ਹਦੀ ਕਲ੍ਹਾ ਵਿਚ ਹੈ) ਇਸੇ ਗੁਰਦੁਆਰੇ ਵਿੱਚ ਇੱਕ ਪਲੰਗ ਵੀ ਮੌਜੂਦ ਸੀ ਜਿਸ ਤੇ ਨੌਵੀ ਪਾਤਸ਼ਾਹੀ ਨੇ ਆਰਾਮ ਕੀਤਾ ਸੀ।■ਗੁਰੂ ਸਾਹਿਬ ਦਾ ਸ਼ਹਿਰ ਬਾੜ ਵਿਖੇ ਜਾਣ ਦੇ ਵੀ ਸਬੂਤ ਮਿਲਦੇ ਹਨ ਜਿੱਥੇ 1920 ਈ ਤੱਕ ਬਕਾਇਦਾ ਯਾਦਗਾਰ ਰਹੀ ਹੈ। 1930 ਤੱਕ ਤਾਂ ਬਕਾਇਦਾ ਚਾਰ ਸੰਗਤਾਂ ਦੇ ਜਥੇ ਹੋਣ ਦੇ ਸਬੂਤ ਵੀ ਮਿਲਦੇ ਹਨ।■

----◈-----

**ਮੋਕਾਮਾ–** ● ਪਟਨਾ ਤੋਂ 90 ਕਿ. ਮੀ. ਪੂਰਬ ਗੰਗਾ ਕਿਨਾਰੇ ਹੀ ਪੁਰਾਤਨ ਕਸਬਾ ਮੋਕਾਮਾ ਹੈ ਜਿਸ ਦਾ ਸਬੰਧ ਹਿੰਦੂ ਦੇਵਤਾ ਪਰਸਰਾਮ ਨਾਲ ਜੋੜਿਆ ਜਾਂਦਾ ਹੈ। ਇਸ ਕਸਬੇ ਵੀ ਗੁਰੂ ਸਾਹਿਬ ਨੇ ਚਰਨ ਪਾਏ। ਸੰਨ 1931 ਵੇਲੇ ਜਦੋਂ ਸਾਈਕਲ ਯਾਤਰੀ ਧੰਨਾ ਸਿੰਘ* ਇਸ ਸ਼ਹਿਰ ਵਿੱਚ ਗਇਆ ਤਾਂ ਗੁਰੂ

◘ ਸਾਈਕਲ ਯਾਤਰੀ- 135, ○ ਗੁਰੂ ਨਾਨਕ ਚਮਤਕਾਰ- 190
⊙ ਸਾਈਕਲ ਯਾਤਰੀ-135, ● ਸਾਈਕਲ ਯਾਤਰੀ-117. ਫੇਸਬੁੱਕ ਅਤੇ ਗੂਗਲ ਤੋਂ ਅੱਜ ਦੇ ਹਾਲਾਤਾਂ ਦਾ ਪਤਾ ਨਹੀ ਲਗ ਸਕਿਆ।
■ ਸਾਈਕਲ ਯਾਤਰੀ-134

ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਸੀ। ਗੁਰਦੁਆਰਾ ਬ੍ਰਾਹਮਣਾਂ ਨੇ ਸਾਂਭਿਆ ਹੋਇਆ ਸੀ ਅਤੇ ਸ਼ਹਿਰ ਵਿੱਚ ਸਿੱਖ ਸਥਾਨ ਦੀ ਮੰਨਤਾ ਵੀ ਬਹੁਤ ਸੀ। ਇਸ ਸਿੱਖ ਅਸਥਾਨ ਦੇ ਅੱਜ ਦੇ ਹਾਲਾਤਾਂ ਦਾ ਪਤਾ ਨਹੀ ਚਲ ਪਾਇਆ।

----◈-----

ਮੁੰਗੇਰ ਵਿਖੇ ਬਾਬਾ

## ਭੂਮੀਏ ਚੋਰ ਨੂੰ ਰਾਹੇ ਪਾਇਆ

ਗੰਗਾ ਤੋਂ ਪਾਸੇ ਚਲਦੇ ਹੋਏ, ਜਦੋਂ ਮਰਦਾਨੇ ਦੇ ਢਿੱਡ ਨੇ ਅਵਾਜ ਦੇ ਦਿੱਤੀ ਤਾਂ ਗੁਰੂ ਸਾਹਿਬ ਇੱਕ ਪਿੰਡ ਜਾ ਬਿਰਾਜੇ। ਮਰਦਾਨੇ ਨੇ ਜਦੋਂ ਪਿੰਡ ਨਿਵਾਸੀ ਕੋਲੋ ਪਾਣੀ ਮੰਗਿਆ ਤਾਂ ਪੇਂਡੂ ਨੇ ਮਰਦਾਨੇ ਨੂੰ ਕਿਹਾ ਕਿ ਤੁਸੀ ਧਰਮਸਾਲ ਚਲੇ ਜਾਓ ਪਿੰਡ ਦੇ ਮੁਖੀਏ ਦਾ ਹੁਕਮ ਹੈ ਕਿ ਜੋ ਵੀ ਪਿੰਡ ਵਿੱਚ ਆਵੇ ਉਸ ਦੀ ਆਓ ਭਗਤ ਮੈਂ ਖ਼ੁੱਦ ਕਰਾਂਗਾ।

ਇਹ ਸੁਣਕੇ ਗੁਰੂ ਸਾਹਿਬ ਨੂੰ ਪ੍ਰਸੰਨਤਾ ਹੋਈ ਕਿ ਕੋਈ ਧਰਮੀ ਪੁਰਖ ਵੀ ਹੈਗਾ ਜਿਹੜਾ ਸੇਵਾ ਵਿੱਚ ਲੱਗਾ ਹੋਇਆ ਹੈ। ਗੁਰੂ ਸਾਹਿਬ ਤੇ ਮਰਦਾਨਾ ਭੂਮੀਏ ਮੁਖੀਏ ਦੀ ਧਰਮਸਾਲ ਚਲੇ ਗਏ। ਭੂਮੀਏ ਨੇ ਦਿਲੋਂ ਗੁਰੂ ਸਾਹਿਬ ਦੀ ਆਓ ਭਗਤ ਕੀਤੀ। ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋਇਆ ਭੂਮੀਏ ਸਵੇਰੇ ਅਰਜ ਕਰਨ ਲੱਗਾ ਕਿ ਮੈਨੂੰ ਵੀ ਆਪਣੇ ਚਰਨਾਂ ਨਾਲ ਲਾਓ, ਭਗਵਾਨ ਦੀ ਤੁਹਾਡੇ ਤੇ ਵੱਡੀ ਬਖਸ਼ਸ਼ ਹੈ।



ਬੀ:40 ਜਨਮ ਸਾਖੀ ਦਾ ਭੂਮੀਆ ਚੋਰ ਗੁਰੂ ਸਾਹਿਬ ਅੱਗੇ ਹੱਥ ਬੰਨੀ ਬੈਠਾ ਹੈ।

ਗੁਰੂ ਸਾਹਿਬ ਨੇ ਭੂਮੀਏ ਨੂੰ ਪੁੱਛ ਲਿਆ ਕਿ ਤੁਸੀ ਕਾਰੋਬਾਰ ਕੀ ਕਰਦੇ ਹੋ? ਅੱਗੋ ਭੂਮੀਏ ਨੇ ਸਾਫ ਲਫਜ਼ਾਂ ਵਿੱਚ ਕਹਿ ਦਿੱਤਾ ਕਿ ਮੈਂ ਤਾਂ ਚੋਰਾਂ ਦਾ ਸਰਦਾਰ ਹਾਂ, ਮੁਖੀਆਂ ਹਾਂ। ਉਂਜ ਅਸੀ ਭੂਮੀਹਾਰ ਹਾਂ ਪਰ ਚਿਰੋਕਣੇ ਇਸ ਧੰਦੇ ਵਿੱਚ ਪੈ ਚੁੱਕੇ ਹਾਂ। ਭਰੇ ਮੰਨ ਨਾਲ ਕਹਿਣ ਲੱਗਾ ਕਿ ਗੁਰੂ ਜੀ ਸਾਡਾ ਉਧਾਰ ਕਿਥੇ ਹੋ ਸਕਦਾ ਹੈ ਅਸੀ ਤਾਂ ਰੋਜ ਪਾਪ ਕਮਾਉਂਦੇ ਹਾਂ।

ਗੁਰੂ ਸਾਹਿਬ ਨੇ ਭੂਮੀਏ ਨੂੰ ਰਜਾ ਜਾਂ ਭਾਣੇ ਦਾ ਸਿਧਾਂਤ ਸਮਝਾਇਆ ਕਿ ਜੇ ਸਹਿਜ ਸੁਭਾਅ ਤੁਹਾਨੂੰ ਇਹ ਪਿਤਾ ਪੁਰਖੀ ਧੰਦਾ ਮਿਲਿਆ ਹੈ ਤਾਂ ਤੁਸੀ ਇਸ ਵਿੱਚ ਰਹਿਕੇ ਵੀ ਸੁਰਖਰੂ ਹੋ ਸਕਦੇ ਹੋ। ਭੂਮੀਆ ਇਹ ਸਭ ਸੁਣ ਕੇ ਹੈਰਾਨ ਹੋ ਗਿਆ। ਇਹ ਉਸ ਦੇ ਜੀਵਨ ਕਾਲ ਦੀ ਅਲੌਕਿਕ ਗੱਲ ਸੀ, ਕਿ ਕੋਈ ਚੋਰ ਵੀ ਪਾਪ ਮੁਕਤ ਹੋ ਸਕਦਾ ਹੈ? ਗੁਰੂ ਸਾਹਿਬ ਨੇ ਭੂਮੀਏ ਨੂੰ ਵਿਸਥਾਰ ਨਾਲ ਸਾਰਾ ਰਜਾ ਦਾ ਸਿਧਾਂਤ ਸਮਝਾਇਆ ਕਿ ਕਿਵੇ ਦੁਨੀਆਂ ਦੇ ਬਹੁਤੇ ਜੀਵ ਇੱਕ ਦੂਸਰੇ ਤੇ ਨਿਰਭਰ ਨੇ, ਕਿਵੇ ਇੱਕ ਲੜੀ ਚਲਦੀ ਹੈ ਕਿ ਇੱਕ ਜੀਅ ਦੀ ਦੂਸਰਾ ਖੁਰਾਕ ਹੈ। ਪਰ ਨਾਲ ਹੀ ਸਮਝਾਇਆ ਕਿ ਇਹ ਸਭ 84 ਦੇ ਗੇੜ ਵਿੱਚ ਹਨ ਤੇ ਇਸੇ ਤਰਾਂ ਮਰਦੇ ਖਪਦੇ ਜਨਮਦੇ ਜੀਂਦੇ ਰਹਿਣਗੇ।

ਗੁਰੂ ਸਾਹਿਬ ਨੇ ਭੂਮੀਏ ਨੂੰ ਦੱਸਿਆ ਕਿ ਇਸ ਅਵਸਥਾ ਵਿੱਚ ਰਹਿ ਕੇ ਵੀ ਮਨੁੱਖ 84 ਦੇ ਗੇੜ ਤੋਂ ਮੁੱਕਤ ਹੋ ਸਕਦਾ ਹੈ।

ਗੁਰੂ ਸਾਹਿਬ ਨੇ ਭੂਮੀਏ ਨੂੰ ਦੱਸਿਆ ਕਿ ਸੰਪੂਰਨ ਰਜਾ ਹੀ ਇਸ ਦਾ ਹੱਲ ਹੈ। ਜਿਵੇ ਜਾਨਵਰ ਪੂਰੀ ਤਰਾਂ ਭਾਣੇ ਵਿੱਚ ਹਨ। ਉਨਾਂ ਨੂੰ ਚਲਾਕੀ ਨਹੀ ਆਉਂਦੀ ਪਰ ਅਸੀ ਮਨੁੱਖ ਲੋਕ ਸੋਚ ਦੇ ਮਾਲਕ ਹੋਣ ਕਰਕੇ ਚਲਾਕੀ ਕਰ ਜਾਂਦੇ ਹਾਂ। ਕੋਈ ਗਲਤ ਕਰਮ ਕਰਕੇ ਝੂਠ ਕਹਿ ਦਿੰਦੇ ਹਾਂ ਕਿ ਅਸੀ ਨਹੀ ਕੀਤਾ।

ਭੂਮੀਏ ਨੇ ਕਿਹਾ ਕਿ ਗੁਰੂ ਜੀ ਮੈਨੂੰ ਦੱਸੋ ਰਾਹ ਮੈਂ ਚੋਰ ਹੁੰਦਿਆਂ ਵੀ ਰਜਾ ਦੇ ਸਿਧਾਂਤ ਤੇ ਚਲਣ ਦੀ ਕੋਸ਼ਿਸ਼ ਕਰਾਂਗਾ। ਗੁਰੂ ਸਾਹਿਬ ਨੇ ਸਮਝਾਇਆ ਮਾਨਸਿਕ ਤੌਰ ਤੇ ਇਹ ਮਾਰਗ ਕਠਨ ਹੈ। ਫਿਰ ਵੀ ਗੁਰੂ ਸਾਹਿਬ ਨੇ ਭੂਮੀਏ ਨੂੰ ਤਿੰਨ ਸ਼ਰਤਾਂ ਦੱਸੀਆਂ ਕਿ ਚਲੋ ਜੇ ਚੋਰੀ ਕਰਨੀ ਹੀ ਹੈ ਤਾਂ ਕਰੋ ਪਰ ਇਹ ਅਸੂਲ ਨਿਭਾਉਣੇ ਕਿ:

1. ਚੋਰੀ ਕਰਕੇ ਝੂਠ ਨਹੀ ਬੋਲਣਾ
2. ਗਰੀਬ ਮਾਰ ਨਹੀ ਕਰਨੀ
3. ਅਹਿਸਾਨ ਫ਼ਰਾਮੋਸ਼/ ਅਕ੍ਰਿਤਘਣ ਨਹੀ ਬਣਨਾ ਭਾਵ ਲੂਣ ਖਾਣ ਕੇ ਹਰਾਮ ਨਹੀ ਕਰਨਾਂ

ਭੂਮੀਏ ਨੇ ਗੁਰੂ ਸਾਹਿਬ ਨਾਲ ਵਾਇਦਾ ਕਰ ਦਿੱਤਾ ਕਿ ਉਹ ਰਹਿੰਦੀ ਜਿੰਦਗੀ ਏਸੇ ਤਰਾਂ ਹੀ ਕਰੇਗਾ, ਨਹੀ ਤਾਂ ਇਹ ਧੰਧਾ ਛੱਡ ਦੇਵੇਗਾ।

ਭੂਮੀਏ ਨੇ ਆਪਣੇ ਪਿੰਡ ਫਿਰ ਸਿੱਖੀ ਦੀ ਧਰਮਸਾਲ ਖੜੀ ਕੀਤੀ ਤੇ ਰਹਿੰਦਾ ਜੀਵਨ ਸਿੱਖੀ ਦੇ ਪ੍ਰਚਾਰ ਵਿੱਚ ਲਾਇਆ।

ਜਨਮ ਸਾਖੀਆਂ ਵਿੱਚ ਇਸ ਦੇ ਨਾਲ ਇੱਕ ਹੋਰ ਵੀ ਗੱਲ ਜੁੜੀ ਮਿਲਦੀ ਹੈ। ਉਹ ਇਹ ਕਿ ਗੁਰੂ ਸਾਹਿਬ ਦੇ ਬਾਦ ਇੱਕ ਮੌਕੇ ਭੂਮੀਆ ਇੱਕ ਰਾਜੇ ਦੇ ਘਰ ਚੋਰੀ ਕਰਨ ਚਲਾ ਗਿਆ। ਗਇਆ ਵੀ ਪੂਰੇ ਠਾਠ ਬਾਠ ਸੁਹਣੀ ਪੁਸ਼ਾਕ ਤੇ ਉਪਰ ਦਸਤਾਰ ਸਜ਼ਾ, ਘੋੜੇ ਤੇ ਸਵਾਰ ਹੋ।

ਕਿਲੇ ਅੰਦਰ ਜਦੋਂ ਵੜ੍ਹਨ ਲੱਗਾ ਤਾਂ ਪਹਿਰੇਦਾਰਾਂ ਪੁੱਛਿਆ ਕਿ

ਬਦਕਿਸਮਤੀ ਨਾਲ ਵਕਤ ਪਾ ਕੇ ਭੂਮੀਏ ਦਾ ਪਤਾ ਟਿਕਾਣਾ ਇਤਹਾਸ ਵਿੱਚ ਗੁੰਮ ਹੋ ਚੁੱਕਾ ਹੈ। ਅੰਦਾਜ਼ਾ ਹੈ ਕਿ ਇਹ ਇਲਾਕੇ ਮੁੰਗੇਰ ਦੀ ਘਟਨਾ ਹੋਵੇਗੀ। ਕਿਉਕਿ ਮੁੰਗੇਰ ਦੇ ਨਾਂ ਨਾਲ ਜੋ ਸਾਖੀ ਮਿਲਦੀਹੈ ਉਸ ਵਿੱਚ ਵੀ ਬਾਬੇ ਦੀ ਖ਼ੁਰਾਕ ਬਾਰੇ ਹੀ ਗੱਲ ਹੈ। ਕਿ ਮਰਦਾਨੇ ਨੇ ਤਾਂ ਸਭ ਛੱਕ ਲਿਆ ਪਰ ਬਾਬੇ ਨੇ ਕੁਝ ਨਾਂ ਖਾਧਾ।

ਸ਼੍ਰੀਮਾਨ ਜੀ ਕੌਣ ਹੋ?

ਭੂਮੀਏ ਨੇ ਝੱਟ ਉਤਰ ਦਿੱਤਾ ਕਿ ਮੈਂ ਚੋਰ ਹਾਂ। ਕਿਲੇਦਾਰਾਂ ਨੂੰ ਕੋਈ ਹੈਰਾਨੀ ਨਾਂ ਹੋਈ ਕਿਉਕਿ ਪਹਿਲਾਂ ਵੀ ਕਈ ਵੱਡੇ ਅਹੁਦੇਦਾਰ ਜਿੰਨਾਂ ਕੋਲੋ ਪਛਾਣ ਪੁੱਛੀਦੀ ਸੀ ਉਹ ਅਕਸਰ ਕਹਿ ਦਿਆ ਕਰਦੇ ਸਨ ਕਿ ਕੀ ਮੈਂ ਚੋਰ ਲੱਗਦਾ। ਪਹਿਰੇਦਾਰਾਂ ਕੋਈ ਸ਼ੱਕ ਨਾਂ ਕੀਤਾ ਤੇ ਨਮਸਕਾਰ ਕਰਕੇ ਭੂਮੀਏ ਨੂੰ ਅੰਦਰ ਲੰਘਾ ਦਿੱਤਾ।

ਮਹਿਲਾਂ ਵਿੱਚ ਸਭ ਸੌਂ ਚੁੱਕੇ ਸਨ। ਭੂਮੀਏ ਨੇ ਤਸੱਲੀ ਨਾਲ ਕੀਮਤੀ ਸਮਾਨ ਲੱਭਿਆ ਤੇ ਗੱਠੜੀ ਤਿਆਰ ਕਰ ਲਈ। ਫਿਰ ਮੰਨ ਵਿੱਚ ਆਇਆ ਕਿ ਮਹਿਲਾਂ ਵਿੱਚੋਂ ਕੁਝ ਚੰਗਾ ਚੋਖਾ ਖਾਂਦਾ ਜਾਵਾ। ਭੂਮੀਏ ਨੇ ਵੱਖ ਵੱਖ ਪਕਵਾਨਾਂ ਨਾਲ ਆਪਣੀ ਪੇਟ ਪੂਜਾ ਕੀਤਾ।

ਤੁਰਨ ਲੱਗਾ, ਜਦੋਂ ਗੱਠੜੀ ਨੂੰ ਹੱਥ ਪਾਇਆ ਤਾਂ ਗੁਰੂ ਨੂੰ ਦਿੱਤਾ ਵਾਇਦਾ ਯਾਦ ਆ ਗਇਆ ਕਿ ਜਿਹਦਾ ਲੂਣ ਖਾਈਏ ਉਨੂੰ ਹਰਾਮ ਨਹੀ ਕਰਨਾਂ। ਭੂਮੀਏ ਨੇ ਗਠੜੀ ਓਥੇ ਹੀ ਰਹਿਣ ਦਿੱਤੀ ਤੇ ਬਾਹਰ ਆ ਗਿਆ।

ਸਵੇਰੇ ਜਦੋਂ ਮਹੱਲਾਂ ਦੇ ਨੌਕਰ ਚਾਕਰ ਉਠੇ ਤਾਂ ਦੇਖਦੇ ਹਨ ਕਿ ਮਹਿਲਾਂ ਦਾ ਕੀਮਤੀ ਸਮਾਨ ਹੀਰੇ ਜਵਾਹਰਾਤ ਸਭ ਗੱਠੜੀ ਵਿੱਚ ਬੱਝੇ ਪਏ। ਗੱਲ ਰਾਜੇ ਤੱਕ ਪਹੁੰਚੀ। ਪੜਤਾਲ ਸ਼ੁਰੂ ਹੋਈ। ਪਤਾ ਲੱਗਾ ਕਿ ਕੋਈ ਅਜਿਹਾ ਵਿਅੱਕਤੀ ਵੀ ਮਹਿਲਾਂ ਵਿੱਚ ਆਇਆ ਸੀ ਜਿਸ ਨੇ ਪਹਿਰੇਦਾਰਾਂ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਚੋਰ ਹੈ।

ਰਾਜਾ ਇਹ ਸੁਣ ਕੇ ਬਹੁਤ ਪ੍ਰਭਾਵਤ ਹੋਇਆ। ਖੁਸ਼ ਵੀ ਸੀ ਕਿ ਬਹੁਤ ਵੱਡਾ ਨੁਕਸਾਨ ਹੋਣੋ ਬੱਚਿਆ ਹੈ। ਚੋਰ ਲੱਭਣ ਵਿੱਚ ਪੂਰੀ ਵਾਹ ਲਾ ਦਿੱਤੀ। ਸਫਲਤਾ ਨਾਂ ਮਿਲੀ। ਅਖੀਰ ਰਾਜੇ ਨੇ ਡਾਉਨੀ ਪਿਟਵਾ ਦਿੱਤੀ ਕਿ ਜਿਹੜਾ ਚੋਰ ਮਹਿਲਾਂ ਵਿੱਚ ਆਇਆ ਸੀ ਜੇ ਉਹ ਸਾਹਮਣੇ ਆਏ ਤਾਂ ਉਨੂੰ ਫਲਾਣਾ ਇਨਾਮ ਦਿੱਤਾ ਜਾਵੇਗਾ ਤੇ ਚੋਰੀ ਦੀ ਕੋਈ ਸਜਾ ਨਹੀ ਲੱਗੇਗੀ।

ਭੁਮੀਆ ਅੱਗੇ ਆ ਗਇਆ ਤੇ ਉਸ ਨੇ ਸਵੀਕਾਰ ਕਰ ਲਿਆ ਕਿ ਉਹ ਹੀ ਚੋਰੀ ਕਰਨ ਆਇਆ ਸੀ। ਸਾਰੀ ਗੱਲ ਤੇ ਗੁਰੂ ਸਾਹਿਬ ਦੇ ਉਪਦੇਸ ਦੀ ਸਾਰੀ ਗੱਲ ਰਾਜੇ ਨੂੰ ਸੁਣਾਈ। ਰਾਜਾ ਇੰਨਾ ਪ੍ਰਭਾਵਤ ਹੋਇਆ ਕਿ ਗੁਰੂ ਸਾਹਿਬ ਨੂੰ ਖੋਜਣਾ ਸ਼ੁਰੂ ਕਰ ਦਿੱਤਾ। ਭੂਮੀਏ ਨੇ ਰਾਜੇ ਨੂੰ ਸਮਝਾਇਆ ਕਿ ਉਹ ਤਾਂ ਸਾਡੇ ਅੰਗ ਸੰਗ ਹੈ। ਇਲਾਕੇ ਦੇ ਹੋਰ ਸਿੱਖ ਸ਼ਰਧਾਲੂ ਵੀ ਰਾਜੇ ਨੂੰ ਮਿਲਦੇ ਗਿਲਦੇ ਰਹੇ।

----◆-----

ਮੁੰਗੇਰ ਵਿੱਚ ਬਾਬਾ

## ਜਦੋਂ ਬਾਬੇ ਦੇ ਨੂੰਰਾਨੀ ਚਿਹਰੇ ਦੀ ਚਾਰ ਚੁੱਫੇਰੇ ਧੁੰਮ ਪੈ ਗਈ

ਪੂਰਬ ਵਲ ਜਾਣ ਦਾ ਬਾਬੇ ਦਾ ਨਿਸ਼ਾਨਾ ਗੁਹਾਟੀ ਦਾ ਕਾਮੱਖਿਆ (Sex) ਮੰਦਰ ਸੀ ਜਿਸ ਨੂੰ ਉਹਨੀ ਦਿਨੀ (1498 ਈ) ਵਿੱਚ ਇੱਕ ਮੁਸਲਮਾਨ ਹਮਲਾਵਰ ਨੇ ਢਾਹਿਆ ਸੀ। ਸੋ ਪਟਨਾ ਤੋਂ ਬਾਬਾ ਪੂਰਬ ਦੀ ਦਿਸ਼ਾ ਦੋ ਤਿੰਨ ਦਿਨ ਦੇ ਜਲ-ਮਾਰਗੀ ਸਫਰ ਬਾਦ ਮੁੰਗੇਰ (160 ਕਿਲੋਮੀਟਰ) ਆ ਪੜਾਵ ਕੀਤਾ।

ਬਚਪਨ ਵੇਲੇ ਵੀ ਬਾਬੇ ਦੀ ਜਦੋਂ ਨਿਰੰਕਾਰ ਨਾਲ ਲਿਵ ਲੱਗਦੀ ਸੀ ਤਾਂ ਕਈ ਕਈ ਘੰਟੇ ਬੋਲਦੇ ਹੀ ਨਹੀ ਸੀ ਹੁੰਦੇ। ਮਾਤਾ ਪਿਤਾ ਵੀ ਇਸ ਗੱਲ ਤੋਂ ਕਦੀ ਦੁੱਖੀ ਹੋ ਜਾਇਆ ਕਰਦੇ ਸਨ। ਮੁੰਗੇਰ ਵਿੱਚ ਜਦੋਂ ਬਾਬਾ ਜੀ ਬਿਰਾਜੇ ਹੋਏ ਸਨ ਤਾਂ ਮਰਦਾਨੇ ਨੇ ਇਹ ਖਬਰ ਦੇ ਦਿੱਤੀ ਕਿ ਬਾਬਾ ਨਾਨਕ ਮੁੰਗੇਰ ਵਿੱਚ ਪਧਾਰ ਚੁੱਕੇ ਨੇ। ਹੁੰਮ ਹੁਮਾ ਕੇ ਲੋਕ ਦਰਸ਼ਨਾਂ ਨੂੰ ਆ ਰਹੇ ਸਨ। ਭਗਤੀ ਵਿੱਚ ਲੀਨ ਬਾਬੇ ਦਾ ਚਿਹਰਾ ਅਲੌਕਿਕ ਹੀ ਡਲਕ ਮਾਰ ਰਿਹਾ ਸੀ। ਵਿੱਚੋ ਕਿਸੇ ਬੀਬੀ ਨੇ ਇਹ ਵੀ ਕਹਿ ਦਿੱਤਾ ਕਿ ਧੰਨ ਨੇ ਉਹ ਮਾਂ ਬਾਪ ਤੇ ਇਸਤਰੀ ਜਿੰਨਾਂ ਦਾ ਏਨਾ ਸੋਹਣਾ ਜਵਾਨ ਸਾਧੂ ਬਣ ਘਰ ਬਾਰ ਤਿਆਗ ਆਇਆ ਏ। ਪਰ ਨਿਰਾਸ਼ ਸਨ ਕਿ ਬਾਬੇ ਦੇ ਬਚਨ ਸੁਣਨ ਨੂੰ ਨਹੀ ਮਿਲ ਰਹੇ। ਲੋਕ ਖਾਣ ਪੀਣ ਦੀਆਂ ਵਸਤਾਂ ਵੀ ਰਿਵਾਜ ਅਨੁਸਾਰ ਲਿਆ ਰਹੇ ਸਨ ਪਰ ਗੁਰੂ ਸਾਹਿਬ ਕਈ ਕਈ ਦਿਨ ਲੰਘ ਜਾਣ ਤੇ ਵੀ ਕੁਝ ਵੀ ਖਾਂਦੇ ਨਹੀ ਸਨ।




**ਬਾਬੇ ਦੀ ਘੱਟ ਖੁਰਾਕ ਬਾਬਤ** - ਭਾਈ ਗੁਰਦਾਸ ਨੇ ਵੀ ਬਾਬੇ ਦੀ ਬਹੁਤ ਹੀ ਮਾਮੂਲੀ ਖੁਰਾਕ ਬਾਰੇ ਲਿਖਿਆ ਹੈ।

> ਪਹਿਲਾਂ ਬਾਬੇ ਪਾਯਾ ਬਖਸ ਦਰ
> ਪਿੱਛੋਂ ਦੇ ਫਿਰ ਘਾਲ ਕਮਾਈ॥
> ਰੇਤ ਅੱਕ ਆਹਾਰ ਕਰ
> ਰੋੜਾਂ ਕੀ ਗੁਰ ਕਰੀ ਵਿਛਾਈ॥

ਸਾਰੀਆਂ ਹੀ ਜਨਮ ਸਾਖੀਆਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਗੁਰੂ ਸਾਹਿਬ ਦੀ ਖੁਰਾਕ ਬਹੁਤ ਮਾਮੂਲੀ ਜਿਹੀ ਹੋਇਆ ਕਰਦੀ ਸੀ। ਕਈ ਲੋਕ ਇਹ ਗੱਲ ਮੰਨਣ ਨੂੰ ਤਿਆਰ ਨਹੀ ਕਿ ਜਿਹੜਾ ਬੰਦਾ ਪੈਦਲ ਸਫਰ ਵਿੱਚ ਪਿਆ ਹੋਵੇ ਉਹ ਬਿਨਾਂ ਖੁਰਾਕ ਦੇ ਕਿਵੇਂ ਰਹਿ ਸਕਦਾ ਹੈ?

ਗੱਲ ਸਮਝਣ ਵਾਲੀ ਹੈ ਜਿਹੜੇ ਬੰਦੇ ਦੀ ਹਉਮੇ ਘੱਟ ਜਾਵੇ ਉਹਨੂੰ ਜਿਆਦਾ ਖੁਰਾਕ ਦੀ ਜਰੂਰਤ ਹੀ ਨਹੀ ਰਹਿੰਦੀ। ਕਾਮੀ ਬੰਦੇ ਨੂੰ ਜਿਆਦਾ ਭੋਜਨ ਚਾਹੀਦਾ। ਲੜਨ ਭਿੜਨ ਵਾਲੇ ਨੂੰ ਉਸ ਤੋਂ ਵੀ ਜਿਆਦਾ। ਕਹਿਣ ਤੋਂ ਮਤਲਬ ਅਸੀ ਜੋ ਖੁਰਾਕ ਖਾਨੇ ਆ ਉਹ ਸਰੀਰਕ ਵਾਧੇ ਤੇ ਸਰੀਰਕ ਮੁਰੰਮਤ, ਤੇ ਸਾਡੀਆਂ ਕਿਰਿਆਵਾਂ ਵਿੱਚ ਕੰਮ ਆਉਦੀ ਹੈ; ਜਿਵੇ ਸਰੀਰਕ ਕੰਮ ਕਾਜ ਤੇ ਸਾਡੀਆਂ ਹਉਮੈ ਵਾਦੀ ਮਾਨਸਿਕ ਤਰੰਗਾਂ ਵਿੱਚ। ਸੋ ਜਿਸ ਬੰਦੇ ਨੂੰ ਕਾਮ ਨਹੀ ਵਿਆਪ ਰਿਹਾ ਜਾਂ ਕਰੋਧ ਜਾਂ ਲੋਭ ਮੋਹ ਨਹੀ ਹੈ ਉਹਦੀ ਖੁਰਾਕ ਬਹੁਤ ਘੱਟ ਜਾਏਗੀ।

ਸੋ ਇੱਕ ਦੋ ਦਿਨ ਬਾਦ ਜਦੋਂ ਬਾਬੇ ਦੀ ਸੁਰਤ ਖੁੱਲੀ ਤਾਂ ਸ਼ਹਿਰ ਦੇ ਪਤਵੰਤੇ ਸੱਜਣ ਆ ਕੇ ਮਿਲੇ ਤੇ ਗਿਲਾ ਕੀਤਾ ਕਿ ਦੇਖੋ ਮਹਾਤਮਾ ਜੀ ਤੁਸੀ ਸਾਡੇ ਨਗਰ ਪਧਾਰੇ ਹੋ ਤੁਹਾਡੀ ਸੇਵਾ ਸਾਡਾ ਫਰਜ



ਬੈਦਨਾਥ ਜੋਤੀਲਿੰਗ
1792 ਈ. ਹੱਥ ਬਣਾਈ ਤਸਵੀਰ

ਬਣਦਾ ਹੈ। ਨਹੀ ਤਾਂ ਸਾਡੇ ਮੰਨ ਤੇ ਬੋਝ ਰਹਿੰਦਾ ਹੈ। ਬੇਸ਼ੱਕ ਨਾਂ ਖਾਓ ਪਰ ਥੋੜਾ ਬਹੁਤ ਤਾਂ ਮੂੰਹ ਮਾਰ ਹੀ ਲੈਂਦੇ। ਫਿਰ ਅਸੀ ਤੁਹਾਡੀ ਖੂਬ ਚਰਚਾ ਸੁਣੀ ਹੈ ਪਰ ਇਥੇ ਤੁਸੀ ਬੋਲੇ ਵੀ ਨਹੀ। ਸਾਡੇ ਮਨਾਂ ਵਿੱਚ ਇਹ ਗੱਲ ਆ ਰਹੀ ਸੀ ਕਿ ਸ਼ਾਇਦ ਅਸੀ ਪਾਪੀ ਬੰਦੇ ਹਾਂ ਕਿ ਭਗਵਾਨ ਦਾ ਪਿਆਰਾ ਸਾਡੇ ਵਿੱਚ ਆ ਕੇ ਚੁੱਪ ਹੋ ਗਇਆ ਵਾ।

ਅੰਦਾਜ਼ਾ ਹੈ ਗੁਰੂ ਸਾਹਿਬ ਨੇ ਓਥੇ ਇਹ ਵਾਲਾ ਸ਼ਬਦ ਪੜਿਆ:

ਸਲੋਕ ਮਃ ੧ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥

ਮੁੰਗੇਰ ਤੋ ਚਲ ਕੇ ਜਾਂ ਬੇੜੀ ਰਾਂਹੀ ਗੁਰੂ ਸਾਹਿਬ ਭਾਗਲਪੁਰ ਪਹੁੰਚੇ ਜਿੱਥੇ ਗੁਰੂ ਅਸਥਾਨ ਹੁਣ ਤੱਕ ਮੌਜੂਦ ਹੈ।

----◈----

## ਬੈਦਨਾਥ ਦੇਓਗੜ

ਗੰਗਾ ਦੇ ਨਾਲ ਨਾਲ ਫਿਰਦੇ ਹੋਏ ਜਾਂ ਫਿਰ ਗਇਆ ਪਾਸਿਓ ਗੁਰੂ ਸਾਹਿਬ ਇਥੋ ਹਿੰਦੂਆਂ ਦੇ ਪਵਿਤ੍ਰ ਧਾਮ ਵੈਦਯਨਾਥ ਦਿਓਗੜ ਗਏ ਜੋ 12 ਜੋਤੀਲਿੰਗਾਂ ਵਿੱਚੋਂ ਇੱਕ ਹੈ। ਇਥੋਂ ਦੀ ਵੀ ਓਹੋ ਘਸੀ ਪਟੀ ਕਹਾਣੀ ਹੈ ਕਿ ਲੰਕਾ ਦੇ ਰਾਵਣ ਨੇ ਭਗਵਾਨ ਸ਼ਿਵ ਦੀ ਕਠਿਨ ਤਪੱਸਿਆ ਕੀਤੀ ਤੇ ਦਸ ਸਿਰਾਂ ਵਿਚੋਂ ਇਕ ਸਿਰ ਭਗਵਾਨ ਦੇ ਅਰਪਣ ਕਰ ਦਿਤਾ। ਸ਼ਿਵਜੀ ਖੁਸ਼ ਹੋ ਗਿਆ ਅਤੇ ਰਾਵਣ ਨੂੰ ਅਮਰ ਹੋਣ ਦਾ ਵਰ ਦੇ ਦਿਤਾ ਅਤੇ ਨਾਲ ਹੀ ਉਹਦਾ ਦਸਵਾ ਸਿਰ ਵੀ ਸੁਰਜੀਤ ਕਰ ਦਿੱਤਾ। ਰਾਵਣ ਨੇ ਇਹ ਵੀ ਵਰ ਲੈ ਲਿਆ ਕਿ ਭਗਵਾਨ ਮੇਰੇ ਨਾਲ ਲੰਕਾ ਪਹੁੰਚਣ ਗਏ। ਭਗਵਾਨ ਨੇ ਇਹ ਮੰਗ ਵੀ ਪ੍ਰਵਾਨ ਕਰ ਲਈ ਪਰ ਇਕ ਸ਼ਰਤ ਲਾਈ ਕਿ ਮੈਨੂੰ ਰਸਤੇ ਵਿਚ ਹੋਰ ਕਿਤੇ ਨਾਂ ਟਿਕਾਈ। ਯਾਦ ਰੱਖ ਜਿੱਥੇ ਤੂੰ ਮੈਨੂੰ ਟਿਕਾ ਦਿਤਾ ਮੈਂ ਓਥੋਂ ਦਾ ਹੀ ਹੋ ਜਾਵਾਂਗਾ। ਰਸਤੇ ਵਿਚ ਮਜਬੂਰਨ ਰਾਵਣ ਨੂੰ ਟੱਟੀ ਜਾਣ ਦੀ ਹਾਜਤ ਹੋ ਜਾਂਦੀ ਹੈ ਤੇ ਉਹ ਸ਼ਿਵਜੀ ਦਾ ਲਿੰਗ ਕਿਸੇ ਆਜੜੀ ਨੂੰ ਫੜਾ ਦਿੰਦਾ ਹੈ ਕਿ ਦੋ ਪਲ ਚੁੱਕ ਕੇ ਰੱਖੀ। ਆਜੜੀ ਜਿਆਦਾ ਚਿਰ ਚੁੱਕ ਕੇ ਨਹੀ ਸਕਦਾ ਤੇ ਜਮੀਨ ਤੇ ਰੱਖ ਦਿੰਦਾ ਹੈ ਤੇ ਲਿੰਗ ਇਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਰਾਵਣ ਇਹਨੂੰ ਲੰਕਾ ਲਿਜਾ ਹੀ ਨਹੀ ਪਾਉਦਾ। ਤੇ ਬਸ ਇਹ ਜੋਤੀਰਲਿੰਗ ਅਖਵਾਉਦਾ ਹੈ ਭਾਵ ਆਪੇ ਪ੍ਰਗਟ ਹੋਇਆ ਲਿੰਗ।

ਇਹ ਕਹਾਣੀ ਫਿਰ ਤਿੰਨ ਹੋਰ ਵੱਖ ਵੱਖ ਸਥਾਨਾਂ ਦੇ ਜੋਤੀਰਲਿੰਗ ਮੰਦਰਾਂ ਦੀ ਵੀ ਮਿਲਦੀ ਹੈ:

1. ਬੈਜਨਾਥ ਹਿਮਾਚਲ ਪ੍ਰਦੇਸ
2. ਵੈਜਨਾਥ, ਪਾਰਲੀ ਮਹਾਂਰਾਸ਼ਟਰ
3. ਗੋਲਾ ਗੋਕਰਨ ਨਾਥ, ਲਖੀਮਪੁਰ ਖੀਰੀ, ਉੱਤਰ ਪ੍ਰਦੇਸ
4. ਦੱਖਣ (ਸ੍ਰੀ ਰੰਗਮ, ਸਫਾ-125)

ਇਥੇ ਵੀ ਗੁਰੂ ਸਾਹਿਬ ਸਾਉਣ ਦੇ ਮਹੀਨੇ ਹੀ ਆਏ ਸਨ ਕਿਉਕਿ ਓਦੋਂ ਹੀ ਇਥੇ ਵੱਡਾ ਮੇਲਾ ਲੱਗਦਾ ਹੈ ਜਦੋਂ ਹਜਾਰਾਂ ਲੱਖਾਂ ਸ਼ਰਧਾਲੂ ਗੰਗਾ ਤੋਂ ਪਾਣੀ ਦੀਆਂ ਬਾਲਟੀਆਂ ਮੱਟਕੇ ਚੁੱਕੀ ਆਉਦੇ ਹਨ ਵੈਦਨਾਥ ਭਗਵਾਨ ਨੂੰ ਇਸ਼ਨਾਨ ਕਰਾਉਣ ਲਈ। ਯਾਦ ਰਹੇ ਗੰਗਾ ਇਥੋਂ 200 ਕਿ. ਮੀ ਤੋਂ ਵੀ ਵੱਧ ਦੂਰੀ ਤੇ ਹੈ। ਜਿਆਦਾਤਰ ਸ਼ਰਧਾਲੂ ਪਾਣੀ ਸੁਲਤਾਨਗੰਜ ਤੋਂ ਲੈ ਕੇ ਪੈਦਲ ਆਉਦੇ ਹਨ ਜੋ ਤਕਰੀਬਨ 300 ਕਿ. ਮੀ. ਪੈ ਜਾਂਦਾ ਹੈ। ਇਹੋ ਜਿਹੇ ਵਰਤਾਰੇ ਨੂੰ ਹੀ ਗੁਰੂ ਸਾਹਿਬ ਨੇ ਫਰਮਾਇਆ:

"ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥"

ਇਥੇ ਹੀ ਗੁਰੂ ਸਾਹਿਬ ਨੇ ਫਿਰ ਕਰਮਕਾਂਡੀ ਬ੍ਰਾਹਮਣਾਂ ਬਾਰੇ ਸ਼ਬਦ ਕਿਹਾ:

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥ ਤੂ ਗੁਣਦਾਤੌ ਨਿਰਮਲੋ ਭਾਈ ਨਿਰਮਲੁ ਨਾ ਮਨੁ ਹੋਇ ॥ ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਇ ॥੧॥ ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ ॥ ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥ ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥ ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥ ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲੁ ॥ ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੂਲੁ ॥੩॥ ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥ ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥ ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥ ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥ ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥ ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ॥੭॥ ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ ॥ ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ ॥੮॥ ਸਭੁ ਕੋ ਆਖੈ ਆਪਣਾ ਭਾਈ ਗੁਰ ਤੇ ਬੁਝੈ ਸੁਜਾਨੁ ॥ ਜੋ ਬੀਧੇ ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ ॥੯॥ ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ ॥ ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ ॥੧੦॥੪॥

ਇਸ ਪੂਰਬ ਦੇ ਇਲਾਕੇ ਵਿਚ ਫਿਰ ਬਲੀ ਦੇਣ (ਕੁਰਬਾਨੀ) ਦਾ ਵੀ ਬਹੁਤ ਰਿਵਾਜ ਸੀ। ਅਮੂਮਨ ਮੱਝਾਂ ਤੇ ਸੰਢਿਆਂ ਦੀ ਬਲੀ ਦਿਤੀ ਜਾਂਦੀ ਸੀ ਤੇ ਕਿਤੇ ਕਿਤੇ ਮਨੁੱਖ ਜਾਤ ਦੀ ਵੀ। ਇਸ ਖਿਲਾਫ ਗੁਰੂ ਸਾਹਿਬ ਨੇ ਮੁਹਿੰਮ ਵਿੱਢੀ।

ਵੈਦਯਨਾਥ ਵਿਖੇ 1930 ਤੱਕ ਤਾਂ ਗੁਰੂ ਕੀ ਸੰਗਤ ਗੁਰਦੁਆਰਾ ਹੁੰਦਾ ਸੀ ਜੋ ਉਦਾਸੀ ਸਾਧੂਆਂ ਦੇ ਕਬਜੇ ਵਿੱਚ ਸੀ।⊙ ਹੁਣ ਵੀ ਯਾਦਗਾਰੀ ਗੁਰਦੁਆਰਾ ਸਾਹਿਬ ਤਾਂ ਹੈ ਪਰ ਇਹ ਪਤਾ ਨਹੀ ਚਲ ਪਾਇਆ ਕਿ ਮੌਜੂਦਾ ਗੁਰਦੁਆਰਾ ਸਾਹਿਬ ਓਹੋ ਗੁਰੂ ਕੀ ਸੰਗਤ ਵਾਲੇ ਸਥਾਨ ਤੇ ਹੀ ਹੈ?

—▲—

⊙ ਸਾਈਕਲ ਯਾਤਰੀ-117

ਬਾਬ-41

## ਪਹਿਲੀ ਉਦਾਸੀ ਭਾਗ –4*

# ਨੇਪਾਲ ਵਿਚ ਬਾਬਾ

ਜਨਮਸਾਖੀਆਂ ਵਿਚ ਜੋ ਅਲਾਲਾਚੀਨ ਜਾਣਾ ਲਿਖਿਆ ਹੈ ਉਸ ਤੋਂ ਮਤਲਬ ਨੇਪਾਲ ਹੀ ਹੈ

**ਦਾਖਲਾ–** ਗੁਰੂ ਸਾਹਿਬ ਬਨਾਰਸ ਤੋਂ ਚਲ ਕੇ ਹਾਜੀਪੁਰ (ਪਟਨਾ) ਪਹੁੰਚਦੇ ਨੇ। ਇਥੇ ਕੁਝ ਦਿਨ ਨਾਮ ਦਾ ਪ੍ਰਚਾਰ ਕੀਤਾ ਅਤੇ ਇਲਾਕੇ (ਬਿਹਾਰ, ਬੰਗਾਲ, ਨੇਪਾਲ, ਅਸਾਮ, ਨਾਗਾਲੈਂਡ) ਦੇ ਰਾਜਨੀਤਕ ਅਤੇ ਧਾਰਮਿਕ ਹਾਲਾਤਾਂ ਨੂੰ ਸਮਝਿਆ। ਯਾਦ ਰਹੇ ਬੰਗਾਲ, ਬਿਹਾਰ ਦੀਆਂ ਕਈ ਰਿਆਸਤਾਂ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਹਾਜੀਪੁਰ ਵਿਚ ਫਿਰ ਕਾਠਮੰਡੂ ਦੀ ਧਾਰਮਿਕ ਅਤੇ ਸਭਿਆਚਾਰਕ ਅਮੀਰੀ ਦੀ ਗਲ ਵੀ ਚਲ ਰਹੀ ਸੀ। ਪਟਨੇ ਤੋਂ 1510 ਈ ਦੇ ਸ਼ੁਰੂ ਵਿਚ ਗੁਰੂ ਸਾਹਿਬ ਜਨਕ ਰਾਜਿਆਂ ਦੀ ਧਰਤੀ ਮਿਥਿਲਾ ਦੇਸ ਭਾਵ ਬਿਹਾਰ ਦੇ ਉਤਰੀ ਭਾਗ ਥਾਣੀ ਭਾਵ ਪਟਣੇ ਤੋਂ ਵੈਸ਼ਾਲੀ, ਕੇਸਰੀਆ, ਅੱਜ ਦਾ ਮੋਤੀਹਾਰੀ, ਗਹਾਵਾ (ਅੱਜ ਦਾ ਬੀਰਗੰਜ), 310 ਕਿ. ਮੀ ਦਾ ਪੈਂਡਾ ਕਰਦੇ ਹੋਏ ਕਾਠਮੰਡੂ ਪਹੁੰਚੇ ਸਨ। ○



ਗੁਰਦੁਆਰਾ (ਮੱਠ) ਥਾਪਾਥਲੀ, ਕਾਠਮੰਡੂ ਦੀ ਕੰਧ ਤੇ ਗੁਰੂ ਸਾਹਿਬ ਦਾ ਪੁਰਾਣਾ ਬਣਿਆ ਹੋਇਆ ਚਿਤ੍ਰ। ਪਤਾ ਨਹੀ ਲੱਗਾ 2015 ਦੇ ਭੁਚਾਲ ਦੌਰਾਨ ਕੰਧ ਬਚੀ ਹੈ ਜਾਂ ਨਹੀ।

### ਕਾਠਮੰਡੂ

ਗੁਰੂ ਸਾਹਿਬ ਜਦੋਂ ਨੇਪਾਲ ਪਹੁੰਚੇ ਤਾਂ ਉਥੋਂ ਦੇ ਰਾਜਨੀਤਕ ਹਾਲਾਤ ਬੜੇ ਦਿਲਚਸਪ ਸਨ। ਮਹਾਰਾਜਾ ਯਕਸ ਮੱਲ ਦੇ 1482 ਈ ਵਿਚ ਦਿਹਾਂਤ ਹੋਣ ਉਪਰੰਤ ਉਹਦੇ ਪੰਜ ਪੁੱਤਰ ਤਖਤ ਤੇ ਬੈਠੇ ਸਨ ਅਤੇ ਇਕੱਠੇ ਰਲ ਮਿਲ ਕੇ ਰਾਜ ਭਾਗ ਚਲਾ ਰਹੇ ਸਨ। ਹਕੂਮਤਾਂ ਵਿਚ ਅਜਿਹਾ ਘੱਟ ਹੀ ਵੇਖਣ ਨੂੰ ਮਿਲਦਾ ਹੈ।● ਲਗਦਾ ਹੈ ਕਿ ਕੋਈ ਛੇਵਾਂ ਪ੍ਰਭਾਵ ਇਨਾਂ ਪੰਜਾਂ ਨੂੰ ਇਕੱਠਾ ਰੱਖ ਰਿਹਾ ਸੀ। ਇਹ ਹਾਲਾਤ ਲਗਪਗ 50 ਸਾਲ ਇਸੇ ਤਰਾਂ ਚਲਦੇ ਰਹੇ ਤੇ 1530 ਈ ਵਿਚ ਫਿਰ ਯਕਸ਼ ਮੱਲ ਦੇ ਪੋਤਰਿਆਂ ਨੇ ਰਾਜਭਾਗ ਦੀ ਵੰਡ ਕਰ ਲਈ ਸੀ। ਯਕਸ਼ ਮੱਲ ਤੋਂ ਬਾਦ ਦੇ ਸ਼ਹਿਜਾਦਿਆਂ ਵਿਚੋਂ ਦੋ ਦੇ ਹੀ ਨਾਂ ਸਾਨੂੰ ਮਿਲੇ ਹਨ. ਇਕ ਤਾਂ ਰਤਨ ਮੱਲ ਅਤੇ ਦੂਜਾ ਨਾਂ ਜੋ ਲੋਕ ਦੱਸਦੇ ਹਨ, ਜੈ ਜਗਤ ਮੱਲ ਹੈ। ਜੈ ਜਗਤ ਦਾ ਹੀ ਗੁਰੂ ਸਾਹਿਬ ਨਾਲ ਮੇਲ ਹੋਇਆ ਦੱਸਿਆ ਜਾਂਦਾ ਹੈ। ਪਰ ਕਿਸੇ ਇਤਹਾਸਿਕ ਹਵਾਲੇ ਤੋਂ ਇਹ ਤਸਦੀਕ ਨਹੀ ਹੋ ਪਾਇਆ ਹੈ। ਗੁਰੂ ਸਾਹਿਬ ਦੇ ਵੇਲਿਆਂ 'ਚ ਇਸ ਇਲਾਕੇ ਦਾ ਨਾਂ ਨੇਪਾਲ ਵੀ ਏਨਾ ਮਕਬੂਲ ਨਹੀ ਸੀ। ਨਾਂ ਹੀ ਸ਼ਹਿਰ ਦਾ ਨਾਂ ਕਾਠਮੰਡੂ ਮਸ਼ਹੂਰ ਸੀ।

ਉਹਨੀ ਦਿਨੀ ਕਠਮੰਡੂ ਘਾਟੀ ਦੇ ਤਿੰਨ ਕਸਬੇ ਜਾਂ ਸ਼ਹਿਰ ਮਸ਼ਹੂਰ ਸਨ: 1.ਕਾਂਤੀਪੁਰ (ਅੱਜ ਦਾ ਕਠਮੰਡੂ), 2.ਪਾਟਣ (ਪੁਰਾਣਾ ਨਾਂ ਲਲਿਤਪੁਰ) ਅਤੇ 3. ਭਾਦਗਾਓ (ਭਗਤਪੁਰ ਜਾਂ ਖਵੋਪਾ)

ਗੁਰੂ ਸਾਹਿਬ ਸ਼ਿਵਰਾਤਰੀ ਤੇ ਕਾਠਮੰਡੂ ਗਏ ਸਨ। ਕਿਉਕਿ ਨੇਪਾਲ ਦੇ ਦੋ ਮੁੱਖ ਤਿਉਹਾਰ ਸ਼ਿਵਰਾਤਰੀ ਤੇ ਦੁਸਹਿਰਾ ਸਨ। ਸੰਭਾਵਨਾ ਸ਼ਿਵਰਾਤ੍ਰੀ ਦੀ ਲਗਦੀ ਹੈ ਕਿਉਕਿ ਸਾਹਿਬ ਦੇ ਹਰ ਥਾਂ ਵੱਡੇ ਮਦਦਗਾਰ ਜੋਗੀ ਲੋਕ ਹੀ ਬਣੇ ਸਨ। ਨੇਪਾਲ ਦੀ ਯਾਤਰਾ ਦਾ ਸਭ ਤੋਂ ਪਹਿਲਾਂ ਜਿਕਰ ਕਰਨ ਵਾਲੇ ਨੇ ਵੀ ਸ਼ਿਵਾਰਤ੍ਰੀ ਤੇ ਆਉਣਾ ਹੀ ਲਿਖਿਆ ਹੈ। ⊙

ਪੈਰ ਸਫ਼ਾ

* ਨੇਪਾਲ ਯਾਤਰਾ ਤੀਸਰੀ ਨਹੀ, ਪਹਿਲੀ ਉਦਾਸੀ. ਵੇਖੋ ਅਗਲਾ ਸਫਾ ਪੈੜ

⊙ ਗਿਆਨੀ -213-4

●D.R. Regmi. 2007. Ancient Nepal, Medieval Nepal




ਜਨਮਸਾਖੀਆਂ ਨੇ ਸਾਫ ਸਾਫ ਨਿਪਾਲ ਜਾਂ ਕਾਠਮੰਡੂ ਜਾਣ ਦਾ ਕਿਤੇ ਕੋਈ ਜਿਕਰ ਨਹੀ ਕੀਤਾ। ਉਂਜ ਇਸ਼ਾਰਾ ਜਰੂਰ ਮਿਲਦਾ ਹੈ ਕਿਉਕਿ ਗੁਰੂ ਸਾਹਿਬ ਦੀਆਂ ਉਦਾਸੀਆਂ ਬਾਰੇ ਗੱਲਾਂ ਇਕ ਤਾਂ ਮਰਦਾਨਾ ਦੱਸਿਆ ਕਰਦਾ ਸੀ ਤੇ ਦੂਸਰਾ ਗੁਰੂ ਸਾਹਿਬ ਖ਼ੁੱਦ ਤੇ ਕਦੀ ਕਦੀ ਕੋਈ ਹੋਰ ਵੀ ਸਾਥੀ ਹੋਇਆ ਕਰਦਾ ਸੀ। ਸਾਹਿਬ ਤੋਂ ਇਲਾਵਾ ਬਾਕੀ ਦੇ ਸਾਥੀ ਪੜੇ ਲਿਖੇ ਨਹੀ ਸਨ। ਉਨਾਂ ਵਿਚਾਰਿਆਂ ਨੇ ਜਿਵੇ ਸਥਾਨਾਂ ਨੂੰ ਯਾਦ ਰੱਖਿਆ ਉਸੇ ਤਰਾਂ ਬਿਆਨ ਕੀਤਾ ਹੈ। ਜਨਮਸਾਖੀਆਂ ਵਿਚ ਇਹਨਾਂ ਪਹਾੜੀ ਇਲਾਕਿਆ ਦੇ ਵੀ ਬੜੇ ਅਸਚਰਜ ਜਿਹੇ ਨਾਂ ਲਿਖੇ ਮਿਲਦੇ ਹਨ ਜਿਵੇ: ਊਨਾ, ਕੂਨਾ, ਮੀਨਾ, ਈਨਾ, ਸਿਲਕਾ, ਸੁਮੇਰ, ਬਿਆਰ, ਅਲਾਲਾਚੀਨ, ਕਲਕਾ, ਧਰੂ, ਅਖੰਡ, ਨਿਰਬਿਕਾਰ, ਸੀਲਾ, ਉਹਾਰ, ਈਖਣ, ਉਲਕਾ। ਇਹ ਇਨਾਂ ਲਿਖਾਰੀਆਂ ਦੀ ਬਦੌਲਤ ਹੀ ਹੈ ਕਿ ਅੱਜ ਸਾਡੇ ਕੋਲ ਇਨਾਂ ਅਮੀਰ ਇਤਹਾਸ



ਪਸ਼ੂਪਤੀਨਾਥ ਮੰਦਰ ਅਤੇ ਆਲਾ ਦੁਆਲਾ

ਮੌਜੂਦ ਹੈ। ਬਾਕੀ ਜਿਹੜੀਆਂ ਕਮੀਆਂ ਨੇ ਉਹ ਸਿੱਖ ਇਤਹਾਸਕਾਰਾਂ ਦਾ ਫਰਜ ਹੈ ਖੋਜ ਕਰਕੇ ਪੂਰੀਆਂ ਕਰਨ।





ਪਿੱਪਲ ਦੇ ਥੱਲੇ ਗੁਰੂ ਸਾਹਿਬ ਦੀ ਚਰਨ ਪਾਦੁਕਾ। ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ। ਇਥੇ ਲਾਗੇ ਹੀ ਮੰਜੀ ਸਾਹਿਬ ਹੁੰਦਾ ਸੀ ਜੋ ਹੁਣ ਢੱਠ ਚੁੱਕਾ ਹੈ। ਪੁਰਾਣੇ ਸਮਿਆਂ ਵਿਚ ਮਹਾਂ ਪੁਰਖਾਂ ਦੇ ਚਰਨਾਂ ਦੇ ਨਿਸ਼ਾਨ ਲੈਣ ਦਾ ਰਿਵਾਜ ਆਮ ਹੀ ਹੁੰਦਾ ਸੀ।

ਪਰ ਜਦੋਂ ਗੁਰੂ ਸਾਹਿਬ ਨੇ 1510 ਈ ਵਿਚ ਕਾਠਮੰਡੂ ਵਿਚ ਚਰਨ ਪਾਏ ਉਹ ਪੰਜ ਭਰਾਵਾਂ ਦੇ ਇਕੱਠ ਦਾ ਸਿਖਰ ਸੀ। ਸ਼ਹਿਰ ਨੂੰ ਓਦੋਂ ਕਿਤੇ ਕਾਂਤੀਪੁਰ ਤੇ ਕਿਤੇ ਕਾਸਟਮੰਡਪ ਮਹਾਂਨਗਰ ਕਿਹਾ ਜਾਂਦਾ ਸੀ। ਨੇਪਾਲ ਹਰ ਪਾਸੇ ਤਰੱਕੀ ਕਰ ਰਿਹਾ ਸੀ। ਇਸ ਯੁਗ ਵਿਚ ਬਣੇ ਖ਼ੂਬਸੂਰਤ ਮੰਦਰ, ਮੱਠ ਅਤੇ ਮੂਰਤੀਆਂ ਇਸ ਗਲ ਦੀ ਗਵਾਹੀ ਭਰਦੀਆਂ ਹਨ।

ਇਥੇ ਵੀ ਗੁਰੂ ਸਾਹਿਬ ਪਹਿਲਾਂ ਧਾਰਮਿਕ ਅਸਥਾਨਾਂ ਤੇ ਪਹੁੰਚੇ। ਇਤਹਾਸ ਤੋਂ ਤਾਂ ਇਹੀ ਲਗਦਾ ਹੈ ਕਿ 16ਵੀ ਸਦੀ ਵਿਚ ਵੀ ਪਸ਼ੂਪਤੀਨਾਥ ਮੰਦਰ ਦੀ ਖਿੱਚ ਹੀ ਸਭ ਤੋਂ ਵੱਧ ਸੀ। ਗੁਰੂ ਸਾਹਿਬ ਦੇ ਆਗਮਨ ਵੇਲੇ ਇਹ ਮੰਦਰ 1500 ਸਾਲ ਤੋਂ ਵੀ ਜਿਆਦਾ ਪੁਰਾਣਾ ਹੋ ਚੁੱਕਾ ਸੀ। ਇਹ ਮੰਦਰ ਹਿੰਦੂ ਧਰਮ ਦੇ ਪੁਰਾਤਨ ਮੰਦਰਾਂ ਵਿਚੋਂ ਗਿਣਿਆ ਜਾਂਦਾ ਹੈ। 7ਵੀ ਸਦੀ ਦੇ ਇਕ ਤਮਿਲ ਗ੍ਰੰਥ ਅਤੇ ਸ਼ਿਵ ਪੁਰਾਣ ਵਿਚ ਵੀ ਇਸ ਦਾ ਜਿਕਰ ਹੈ।

ਕਿਉਕਿ ਅਜਿਹੇ ਪ੍ਰਸਿੱਧ ਮੇਲਿਆਂ ਤੇ ਦੂਰੋ ਦੂਰੋਂ ਸਾਧੂ ਸੰਤ ਆ ਹਾਜਰ ਹੁੰਦੇ ਸਨ, ਗੁਰੂ ਸਾਹਿਬ ਦੀ ਸੋਭਾ ਓਦੋਂ ਤਕ ਜੋਗੀਆਂ ਅਤੇ ਚਕ੍ਰਵਰਤੀ ਸਾਧੂਆਂ ਰਾਂਹੀ ਸਾਰੇ ਭਾਰਤ ਦੇ ਤੀਰਥਾਂ ਤਕ

**▫ ਨੇਪਾਲ ਪਹਿਲੀ ਉਦਾਸੀ ਦੌਰਾਨ ਹੀ ਆਏ ਨਾਂ ਕਿ ਤੀਸਰੀ ਵੇਲੇ–**

ਇਹ ਕਹਿਣਾ ਗਲਤ ਹੈ ਕਿ ਗੁਰੂ ਸਾਹਿਬ ਤੀਸਰੀ ਉਦਾਸੀ ਮੌਕੇ ਨੇਪਾਲ ਪਧਾਰੇ ਸਨ। ਕਿਉਕਿ ਨੇਪਾਲ ਅੱਜ ਭਾਰਤ ਨਾਲੋਂ ਬਿਲਕੁਲ ਵੱਖ ਮੁਲਕ ਹੈ ਪਰ ਇਤਹਾਸ ਵਿਚ ਨੇਪਾਲ ਦੀ ਹਿੰਦੂਸਤਾਨ ਨਾਲ ਐਨ ਓਹੋ ਸਬੰਧ ਸੀ ਜਿਵੇ ਕਿਸੇ ਬਿਹਾਰ ਜਾਂ ਯੂ ਪੀ ਦੀ ਰਿਆਸਤ ਦਾ ਹੋਵੇ। 500 ਸਾਲ ਪਹਿਲਾਂ ਨੇਪਾਲ ਯਾਤਰਾ ਵੀ ਐਨ ਓਸੇ ਤਰਾਂ ਸੀ ਜਿਵੇ ਪਟਣੇ ਤੋਂ ਗੁਹਾਟੀ ਜਾਣਾਂ ਜਾਂ ਢਾਕਾ ਜਾਣਾ। ਸਗੋਂ ਬਿਹਾਰ ਦਾ ਨੇਪਾਲ ਨਾਲ ਧਾਰਮਿਕ ਅਤੇ ਸਭਿਆਚਾਰਕ ਸਬੰਧ ਜਿਆਦਾ ਗੂੜਾ ਸੀ ਅਤੇ ਅੱਜ ਵੀ ਹੈ। ਲੋਕਾਈ ਦਾ ਇਕ ਦੂਸਰੇ ਇਲਾਕੇ ਵਿਚ ਜਾਣਾ ਆਉਣਾ ਆਮ ਸੀ। ਫਿਰ ਬਿਹਾਰ ਤੇ ਉਤਰੀ ਬੰਗਾਲ ਦੇ ਲੋਕਾਂ ਦੇ ਨੇਪਾਲੀ ਲੋਕਾਂ ਨਾਲ ਅਨੇਕਾਂ ਮੇਲੇ ਤੇ ਤਿਉਹਾਰ ਸਾਂਝੇ ਹਨ। ਸੋ ਜੇ ਗੁਰੂ ਸਾਹਿਬ ਪਟਣੇ ਤੋਂ ਹੋਰ ਇਲਾਕੇ ਫਿਰਦੇ ਹਨ ਤਾਂ ਉਹ ਨੇਪਾਲ ਨੂੰ ਕਿਵੇਂ ਛੱਡ ਸਕਦੇ ਸਨ। ਨਾਲੇ ਬਾਲਾ ਜਨਮ ਸਾਖੀ ਵਿਚ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਇਸ ਇਲਾਕੇ ਵਿਚ 2 ਸਾਲ ਅਤੇ 7 ਮਹੀਨੇ ਰਹੇ ਸਨ। ਅਸੀ ਸਮਝਦੇ ਹਾਂ ਨੇਪਾਲ ਦਾ ਅੱਜ ਸੁਤੰਤਰ ਰਾਜ ਹੋਣਾ ਪਿਛਲੀ ਸਦੀ ਦੇ ਸਿੱਖ ਲਿਖਾਰੀਆਂ ਦੀ ਮਾਨਸਿਕਤਾ ਤੇ ਪ੍ਰਭਾਵ ਪਾ ਗਇਆ ਹੈ ਜਿੰਨਾਂ ਨੇ ਇਹ ਲਿਖਿਆ ਹੈ ਕਿ ਬਿਹਾਰ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਗਏ ਅਤੇ ਨੇਪਾਲ ਤੀਸਰੀ ਉਦਾਸੀ ਮੌਕੇ।

ਗਿਆਨੀ ਜੀ ਜੋ ਇਹ ਕਹਿੰਦੇ ਹਨ ਕਿ ਨੇਪਾਲ ਗੁਰੂ ਸਾਹਿਬ ਤੀਸਰੀ ਉਦਾਸੀ ਮੌਕੇ ਗਏ। ਫਿਰ ਖੁਦ ਹੀ ਮੰਨਦੇ ਹਨ ਕਿ ਬਿਹਾਰ ਪਾਸਿਓ ਸਾਹਿਬ ਨਿਪਾਲ ਵਿਚ ਵੜੇ ਤੇ ਫਿਰ ਏਸੇ ਯਾਤਰਾ ਮੌਕੇ ਅਸਾਮ ਦੇ ਕਈ ਇਲਾਕੇ ਫਿਰੇ ਜਿਵੇ: ਬ੍ਰਹਮਕੁੰਡ, ਗੜ੍ਹ ਦਾਉਲ। ਇਹ ਹਾਸੋਹੀਣੀ ਗਲ ਬਣ ਜਾਂਦੀ ਹੈ ਗੜ ਦਾਉਲ (ਨਕਸ਼ਾ ਸੂਚਕ 26.646142, 92.755647 ) ਤੀਸਰੀ ਉਦਾਸੀ ਵੇਲੇ ਜਾਂਦੇ ਨੇ ਤੇ ਧੁਬੜੀ ਪਹਿਲੀ ਉਦਾਸੀ ਮੌਕੇ।

ਕੋਹਲੀ ਗ੍ਰੇਵਾਲ ਆਦਿ ਗਿਆਨੀ ਜੀ ਦੇ ਪੈਰੋਕਾਰਾਂ ਨੇ ਵੀ ਇਹੋ ਮੰਨ ਲਿਆ ਹੈ। ਫਿਰ ਵੇਖੋ ਗਿਆਨੀ -216 ਤੇ ਲਿਖਦੇ ਨੇ

"ਓਥੋਂ ਅੱਗੇ ਸਿੰਘਾਪੁਰ ਵਿਚ ਗਏ ( ਜਿਥੇ ਹੁਣ ਬਹੁਤ ਸਿੱਖ ਹਨ ਤੇ ਗੁਰਦੁਆਰਾ ਬਾਬੇ ਦਾ ਹੈ) ਜਾ ਰਹੇ.....ਓਥੋਂ ਤਿੱਬਤ ਵੰਨੀ ਤੁਰ ਪਏ।"

ਸੋ ਸੋਚੋ ਕਿਥੇ ਸਿੰਘਾਪੁਰ ਤੇ ਕਿੱਥੇ ਤਿਬਤ।

ਅਤੇ ਜਿਹੜੇ ਵਿਦਵਾਨ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਵੇਲੇ ਨੇਪਾਲ ਗਾਹਿਆ ਉਹ ਗਿਆਨੀ ਜੀ ਦੇ ਹੀ ਪੈਰੋਕਾਰ ਹਨ।


ਇਹ ਗਲ ਬੜੀ ਬੇਤੁੱਕੀ ਹੈ ਕਿ ਗੁਰੂ ਸਾਹਿਬ ਨੇ ਨੇਪਾਲ ਵਾਸਤੇ ਵੱਖਰੀ ਉਦਾਸੀ ਕੀਤੀ। ਦਰ ਅਸਲ ਜਨਮ ਸਾਖੀਆਂ ਨੇ ਜੋ ਲਿਖਿਆ ਹੈ ਕਿ ਤੀਸਰੀ ਉਦਾਸੀ ਮੌਕੇ ਗੁਰੂ ਸਾਹਿਬ ਨੇ ਪਹਾੜੀ ਇਲਾਕੇ ਗਾਹੇ ਉਹਦਾ ਮਤਲਬ ਹੀ ਲਿਖਾਰੀ ਵੀਰ ਗਲਤ ਲੈ ਗਏ ਹਨ। ਪਹਾੜੀ ਇਲਾਕਿਆ ਦਾ ਮਤਲਬ ਸਮੁਚਾ ਹਿਮਾਲੀਆ ਸਿਲਸਿਲਾ ਨਹੀ, ਸਗੋਂ ਪੰਜਾਬ ਦੇ ਪਹਾੜੀ ਇਲਾਕੇ ਹਨ ਭਾਵ ਨਾਲ ਲਗਦੇ ਕਸ਼ਮੀਰ, ਜੰਮੂ ਅਤੇ ਹਿਮਾਚਲ ਆਦਿ।

ਪਹੁੰਚ ਚੁੱਕੀ ਸੀ।

ਨੇਪਾਲ ਦੇ ਅਜਿਹੇ ਜੋਗੀ ਜਿਹੜੇ ਰਿੱਧੀਆਂ ਸਿੱਧੀਆਂ ਹਾਸਲ ਕਰ ਚੁੱਕੇ ਸਨ ਪਰ ਗੁਰੂ ਸਾਹਿਬ ਨਾਲ ਅਜੇ ਮੇਲ ਨਹੀ ਸੀ ਹੋਇਆ ਉਹ ਸਭ ਚਾਹੁੰਦੇ ਸਨ ਕਿ ਕਿਤੇ ਨਾਨਕ ਨਾਲ ਮੇਲ ਹੋਵੇ ਤਾਂ ਉਹਨੂੰ ਚਿੱਤ ਕਰੀਏ। ਸੋ ਕਠਮੰਡੂ ਦੀ ਸ਼ਿਵਰਾਤ੍ਰੀ ਨੇ ਅਜਿਹੇ ਨੇਪਾਲੀ ਜੋਗੀਆਂ ਨੂੰ ਵੀ ਮੌਕਾ ਦੇ ਦਿਤਾ।

ਆਗਮਨ ਮੌਕੇ ਸਾਹਿਬ ਨੇ ਪਸ਼ੁਪਤੀ ਨਾਥ ਮੰਦਰ ਦੇ ਨੇੜੇ ਬਾਗਮਤੀ ਨਦੀ ਕੰਢੇ ਡੇਰਾ ਲਾਇਆ ਸੀ। ਗੁਰੂ ਸਾਹਿਬ ਅਕਾਲ ਪੁੱਰਖ ਦੀ ਅਰਾਧਨਾ ਵਿਚ ਮਸਤ ਸਨ। ਘੁੰਮ ਫਿਰ ਕੇ ਜਦੋਂ ਮਰਦਾਨਾ ਡੇਰੇ ਆਵੇ ਤਾਂ ਰਬਾਬ ਦੀ ਧੁੰਨ ਗੂੰਜ ਉਠੇ। ਜਿਵੇ ਜੋਗੀਆਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਲੱਗਾ ਤਾਂ ਬਾਗੋ ਬਾਗ ਹੋ ਗਏ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਆਪਣੇ ਮੱਠ ਵਿਖੇ ਸਤਿਕਾਰ ਸਹਿਤ ਲੈ ਆਏ। ਸਾਹਿਬ ਨੇ ਜੋਗੀਆਂ ਨੂੰ ਡੰਡਾਉਤ ਪ੍ਰਣਾਮ ਕੀਤੀ।

ਜੋਗੀਆਂ ਨੇ ਗੁਰੂ ਸਾਹਿਬ ਨੂੰ ਭਰਮਾਉਣ ਲਈ ਕੁਝ ਕਰਾਮਾਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਵੀ ਗੁਰੂ ਸਾਹਿਬ ਨੇ ਨਿਰੰਕਾਰ ਦੇ ਬਣਾਏ ਕੁਦਰਤ ਦੇ ਨਿਯਮਾਂ ਨੂੰ ਤੋੜਨਾਂ ਗਲਤ ਦੱਸਿਆ ਅਤੇ ਸਮਝਾਇਆ ਕਿ ਨਿਰੰਕਾਰ ਦੀ ਰਜਾ ਵਿਚ ਚਲਣਾ ਹੀ ਸਭ ਤੋਂ ਵੱਡਾ ਧਰਮ ਹੈ ਅਤੇ ਰਿੱਧੀਆਂ ਸਿੱਧੀਆਂ ਨਾਲ ਸਾਡੇ ਜੀਵਨ ਦਾ ਕਲਿਆਣ ਨਹੀ ਹੁੰਦਾ। ਸਗੋਂ ਮੰਨ ਵਿਚ ਹੰਕਾਰ ਆਉਦਾ ਹੈ। ਅਜਿਹਾ ਇਨਸਾਨ ਚੜ੍ਹਦੀ ਕਲਾ ਵਾਲਾ ਜੀਵਨ ਹਾਸਲ ਨਹੀ ਕਰ ਸਕਦਾ। ਸਾਡਾ ਮਨੋਰਥ ਜੀਵਨ ਮੁਕਤੀ ਅਤੇ ਨਿਰੰਕਾਰ ਨਾਲ ਜੋਗ ਹੋਣਾ ਚਾਹੀਦਾ ਹੈ ਨਾਂ ਕਿ ਰਿਧੀਆਂ ਸਿੱਧੀਆ ਜੋਗ।



ਇਥੇ ਕਾਠਮੰਡੂ ਵਿਚ ਗੁਏਸ਼ਵਰੀ (ਗਿਆਨੇਸ਼ਵਰ) ਮੰਦਰ ਨੇੜੇ ਵੀ ਗੁਰੂ ਸਾਹਿਬ ਨੇ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ ਜਿਸ ਦਾ ਲਾਭ ਅੱਜ ਵੀ ਨੇਪਾਲੀ ਲੋਕ ਉਠਾ ਰਹੇ ਨੇ। -ਹੇਠਾਂ ਚਸ਼ਮੇ ਤੋਂ ਪਾਣੀ ਭਰਦੇ ਲੋਕ ↓



ਕੁਦਰਤੀ ਹੈ ਇਥੇ ਵੀ ਜੋਗੀਆਂ ਨੇ ਗੁਰੂ ਸਾਹਿਬ ਨਾਲ ਗਿਲਾ ਕੀਤਾ ਕਿ ਤੁਸੀ ਹਜਾਰ ਸਾਲ ਪੁਰਾਣੇ ਜੋਗ ਅਸੂਲ ਦਾ ਕਿਓ ਖੰਡਣ ਕਰਦੇ ਹੋ। ਸਾਹਿਬ ਨੇ ਫਿਰ ਕਿਹਾ ਕਿ ਤੁਸੀ ਕਿਰਤਾਂ ਦੀ ਪੂਜਾ ਛੱਡ ਸਿੱਧਾ ਕਰਤੇ ਦੀ ਅਰਾਧਨਾ ਕਰੋ। ਸਰਬਵਿਆਪਕ ਨਿਰੰਕਾਰ ਦੀ ਹੋਂਦ ਨੂੰ ਸਵੀਕਾਰ ਕਰੋ ਅਤੇ ਉਹਦੇ ਗੁਣਗਾਨ ਗਾਓ। ਸ਼ਿਵ ਜੀ, ਗੋਰਖ ਨਾਥ ਜਾਂ ਵਿਸ਼ਨੂੰ ਸਭ ਉਸ ਨਿਰੰਕਾਰ ਦੇ ਹੀ ਕੀਤੇ ਹੋਏ ਨੇ। ਜੋਗੀਆਂ ਨੇ ਜ਼ਿੱਦ ਕੀਤੀ ਕਿ ਨਹੀ ਸ਼ਿਵ ਜੀ ਇਸ ਸ੍ਰਿਸਟੀ ਦਾ ਮਾਲਕ ਹੈ। ਸਾਹਿਬ ਨੇ ਪੁੱਛਿਆ ਕਿ ਸ਼ਿਵ ਜੀ ਨੂੰ ਕਿਸ ਨੇ ਪੈਦਾ ਕੀਤਾ? ਇਸ ਸਵਾਲ ਤੇ ਜੋਗੀਆਂ ਦਾ ਕੁਝ ਜੋਸ਼ ਥੰਮਿਆ। ਪਰ ਫਿਰ ਵੀ ਓਹਨਾਂ ਦਲੀਲ ਦਿੱਤੀ ਕਿ ਸ਼ੰਕਰ ਭਗਵਾਨ ਦੀ ਭਗਤੀ ਕਰਕੇ ਹੀ ਅਸੀ ਉਹ ਕੁਝ ਵੀ ਕਰ ਸਕਦੇ ਹਾਂ ਜਿੰਨਾਂ ਨੂੰ ਦੁਨੀਆਂ ਅਸੰਭਵ ਗਿਣਦੀ ਹੈ ਮਤਲਬ ਕਿ ਅਸੀ ਰਿੱਧੀਆਂ ਸਿੱਧੀਆਂ ਦੇ ਮਾਲਕ ਹਾਂ। ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਰਿੱਧੀਆਂ ਸਿੱਧੀਆਂ ਹਾਸਲ ਕਰਕੇ ਤੁਸੀ ਆਪਣੇ ਖੁੱਦ ਨਾਲ ਧੋਖਾ ਕਰ ਰਹੇ ਹੋ। ਇਹਨਾਂ ਨਾਲ ਤੁਸੀ ਲੋਕਾਂ ਨੂੰ ਤਾਂ ਮਗਰ ਲਾ ਲਵੋਗੇ ਪਰ ਤੁਹਾਡਾ ਆਪਣਾ ਕਲਿਆਣ ਨਹੀ ਹੋਵੇਗਾ।

ਜੋਗੀਆਂ ਦੀਆਂ ਗੱਲਾਂ ਸੁਣ ਕੇ ਮਰਦਾਨਾ ਮੁਸਕ੍ਰਾਅ ਰਿਹਾ ਸੀ। ਕਾਠਮੰਡੂ ਦੇ ਸਿੱਖਾਂ ਵਿਚ ਸੀਨਾ ਬਸੀਨਾ ਗਲ ਚਲੀ ਆਉਦੀ ਹੈ ਕਿ ਉਦੋਂ ਗੁਰੂ ਸਾਹਿਬ ਤੇ ਅਰਸ਼ਾ ਤੋਂ ਫੁੱਲਾਂ ਦੀ ਵਰਖਾ ਹੋਈ ਸੀ।

ਕਿਉਕਿ ਗੁਰੂ ਸਾਹਿਬ ਨਿਰੰਕਾਰ ਨਾਲ ਇੱਕ ਮਿੱਕ ਸਨ। ਇਨਾਂ ਨੂੰ ਪ੍ਰਗਟ ਕਰਨ ਲਈ ਫਿਰ ਨਿਰੰਕਾਰੀ ਚੋਜ ਤਾਂ ਵਾਪਰਦੇ ਹੀ ਰਹਿੰਦੇ ਸਨ। ਕਿਉਂਕਿ ਗੁਰਬਾਣੀ ਵਿਚ ਵੀ ਆਉਦਾ ਹੈ "ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥" ਜੇ ਕੌਤਕ ਨਾਂ ਹੁੰਦੇ ਤਾਂ ਹਜਾਰਾਂ ਥਾਵਾਂ ਤੇ ਸੁਨੇਹਾ ਪਹੁੰਚਾਣਾ ਅਸੰਭਵ ਸੀ। ਹਰ ਥਾਂ ਦਲੀਲ ਕੰਮ ਨਹੀ ਦਿੰਦੀ।

ਮਹਾਂਨਗਰ ਵਿਚ ਗੁਰੂ ਸਾਹਿਬ ਦੀ ਆਮਦ ਦੀ ਗਲ ਜੰਗਲ ਦੀ ਅੱਗ ਵਾਂਙੂ ਫੈਲ ਗਈ। ਜਿਵੇ ਗੁਰੂ ਸਾਹਿਬ ਦਾ ਪਸ਼ੁੱਪਤੀਨਾਥ ਮੰਦਰ ਵਿਚ ਸਤਿਕਾਰ ਹੋਇਆ ਤਾਂ ਗਲ ਰਾਜ ਦਰਬਾਰ ਤਕ ਵੀ ਪਹੁੰਚ ਗਈ।

ਇਕ ਰਾਜ ਕੁਮਾਰ ਦਾ ਮੇਲ ਪਹਿਲਾਂ ਹੀ ਗੁਰੂ ਸਾਹਿਬ ਨਾਲ ਕਾਂਸ਼ੀ ਵਿਖੇ ਹੋ ਵੀ ਚੁੱਕਾ ਸੀ। ਉਸ ਰਾਜੇ ਨੂੰ ਜਦੋਂ ਪਤਾ ਲੱਗਾ ਕਿ ਸਾਹਿਬ ਸ਼ਹਿਰ ਵਿਚ ਪਧਾਰ ਚੁੱਕੇ ਨੇ ਤਾਂ ਗੁਰੂ ਸਾਹਿਬ ਦੀ ਸ਼ਰਨ ਵਿਚ ਗਇਆ ਤੇ ਸਾਹਿਬ ਨੂੰ ਮਹਿਲਾਂ ਵਿਚ ਆਉਣ ਵਾਸਤੇ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸਤਿਸੰਗੀਆਂ ਦੀ ਸੰਗਤ ਵਿਚ ਰਹਿਣ ਨੂੰ ਤਰਜੀਹ ਦਿੱਤੀ ਅਤੇ ਪੂਰੀ ਹਲੀਮੀ ਨਾਲ ਰਾਜੇ ਦਾ ਸੱਦਾ ਠੁਕਰਾਅ ਦਿਤਾ। ਰਾਜੇ ਨੇ ਹੁਕਮ ਕਰਕੇ ਸਾਰੀਆਂ ਸੁੱਖ ਸਹੂਲਤਾਂ ਫਿਰ ਜੋਗੀ ਮੱਠ ਵਿਚ ਹੀ ਕਰਵਾ ਦਿੱਤੀਆਂ। ਓਧਰ ਪੰਜ


ਰਾਜਕੁਮਾਰਾਂ ਜਾਂ ਰਾਜਿਆਂ ਵਿਚੋਂ ਇਕ ਦੇ ਓਲਾਦ ਨਹੀ ਸੀ। ਕਿਹਾ ਜਾਂਦਾ ਹੈ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਫਿਰ ਉਹਦੇ ਘਰ ਹੇਠ ਉੱਤੇ ਦੋ ਪੁੱਤਰਾਂ ਨੇ ਜਨਮ ਲਿਆ। ਪਰ ਗੁਰੂ ਸਾਹਿਬ ਤਾਂ ਉਦੋਂ ਤਕ ਇਥੋਂ ਦੂਰ ਜਾ ਚੁੱਕੇ ਸਨ।⊙

ਰੋਜ ਸ਼ਾਮ ਨੂੰ ਫਿਰ ਮਹਾਂਨਗਰ ਦੀ ਸਭਾ ਜੁੜਦੀ ਜਿਸ ਵਿਚ ਗੁਰੂ ਸਾਹਿਬ ਨਿਰੰਕਾਰ ਦੀ ਹੋਂਦ ਬਾਰੇ ਵਖਿਆਨ ਦਿੰਦੇ। ਕੀਰਤਨ ਹੁੰਦਾ। ਲੋਕਾਈ ਦੇ ਸਵਾਲਾਂ ਦੇ ਜਵਾਬ ਦਿੰਦੇ। ਸਾਹਿਬ ਇਥੇ ਕੋਈ ਮਹੀਨਾ ਡੇਢ ਰਹੇ ਤੇ ਗੁਰਮੱਤ ਪ੍ਰਪੱਕ ਕਰਾਈ।

ਜਿਥੇ ਗੁਰੂ ਸਾਹਿਬ ਬਿਰਾਜਦੇ ਸਨ ਓਥੇ ਮੰਜੀ ਸਾਹਿਬ ਹੁਣ ਤਕ ਮੌਜੂਦ ਸੀ ਪਰ ਅੱਜ ਕੱਲ ਇਮਾਰਤ ਢੱਠ ਚੁੱਕੀ ਹੈ।

ਗੁਰੂ ਸਾਹਿਬ ਦੀ ਆਮਦ ਦੀ ਯਾਦ ਤਾਜਾ ਰੱਖਣ ਖਾਤਰ ਇਥੇ ਫਿਰ ਗੁਰੂ ਸਾਹਿਬ ਦੀ ਚਰਨ ਪਾਦੁਕਾ ਪੱਥਰ ਤੇ ਘੜੀ ਗਈ। ਇਥੇ ਵੀ ਗੁਰੂ ਸਾਹਿਬ ਦੀਆਂ ਖੜਾਵਾਂ ਹੁੰਦੀਆਂ ਸਨ ਜੋ ਕੋਈ ਸਿੱਖ ਚਲਾਕੀ ਨਾਲ ਚੁੱਕ ਲਿਆਇਆ ਹੈ ਅਤੇ ਉਹ ਪ੍ਰਵਾਰ ਖੜਾਵਾਂ ਦੀ ਉਗ ਸੁੱਗ ਹੀ ਨਹੀ ਕੱਢ ਰਿਹਾ ਕਿ ਕਿਥੇ ਮੌਜੂਦ ਨੇ। ਅਜਿਹੇ ਲੋਕਾਂ ਨੂੰ ਰੱਬ ਤੋਂ ਡਰਨਾਂ ਚਾਹੀਦਾ ਹੈ।

ਸਾਹਿਬ ਦਾ ਬਹੁਤ ਖੂਬਸੂਰਤ ਕੰਧ ਚਿਤ੍ਰ ਅੱਜ ਵੀ ਢੱਠੀ ਹੋਈ ਕੰਧ ਤੇ ਹੈਗਾ। ਪਰ ਇਹ ਤਸਦੀਕ ਨਹੀ ਹੋ ਪਾਇਆ ਕਿ ਇਹ ਕਦੋਂ ਬਣਿਆਂ ਸੀ।





"ਰਾਜ ਬਿਨਾਂ ਨਾਂ ਧਰਮ ਚਲੈ ਹੈ। ਧਰਮ ਬਿਨਾਂ ਸਭ ਦਲੈ ਮਲੈ ਹੈ" ਜਦੋਂ ਪੰਜਾਬ ਵਿਚ ਸਿੱਖਾਂ ਦਾ ਆਪਣਾ ਰਾਜ ਸੀ ਪੰਜਾਬੋਂ ਬਾਹਰ ਵੀ ਸਿੱਖੀ ਦੀ ਕਦਰ ਕੀਤੀ ਜਾਂਦੀ ਸੀ। ਨੇਪਾਲ ਦੇ ਰਾਜੇ ਗਿਰਵਾਨ ਯੁੱਧ ਬਿਕ੍ਰਮ ਸ਼ਾਹ ਨੇ ਸੰਨ 1800 ਈ. ਵਿਚ ਗੁਰੂ ਨਾਨਕ ਮੱਠ ਨੂੰ ਸੈਕੜੇ ਏਕੜ ਜਮੀਨ ਅਲਾਟ ਕੀਤੀ ਸੀ। (ਉੱਤੇ) ਉਹ ਸ਼ਾਹੀ ਫਰਮਾਨ ਮਹੰਤਾਂ ਨੇ ਅੱਜ ਤਕ ਸਾਂਭਿਆ ਹੋਇਆ ਹੈ।

ਇਤਹਾਸ ਵਿਚ ਇਹ ਵੀ ਆਉਦਾ ਹੈ ਕਿ ਸਾਹਿਬਜਾਦਾ ਸ੍ਰੀ ਚੰਦ ਵੀ ਨੇਪਾਲ ਗਏ ਸਨ।✚ ਸ੍ਰੀ ਚੰਦ ਦੇ ਨੇਪਾਲ ਜਾਣ ਦਾ ਸਮਾ ਤਾਂ ਹਾਸਲ ਨਹੀ ਹੈ ਪਰ ਉਨ੍ਹਾਂ ਦੀ ਇਥੇ ਆਮਦ ਨਾਲ ਉਦਾਸੀ ਮੱਠ ਵੀ ਖੜਾ ਹੋ ਗਿਆ। ਨੇਪਾਲ ਵਿਚ ਸਿੱਖੀ ਨੂੰ ਗੁਰੂ ਸਾਹਿਬ ਪੱਕੇ ਪੈਰੀਂ ਖੜਾ ਕਰਕੇ ਗਏ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਦਾਸੀ ਮੱਠ ਬਣਨ ਤੋਂ ਬਾਦ ਕਿਸੇ ਵੇਲੇ ਇਥੇ ਨਿਰਮਲੇ ਸਾਧਾਂ ਨੇ ਵੀ ਧਰਮਸਾਲ ਬਣਾ ਲਈ। ਪ੍ਰਦੇਸਾਂ ਵਿਚ ਲਾਈ ਇਸ ਬਗੀਚੀ ਨੂੰ ਗੁਰਸਿੱਖ ਪ੍ਰਚਾਰਕਾਂ ਨੇ ਗਾਹੇ ਬਿਗਾਹੇ ਪਾਣੀ ਨਾਂ ਦਿਤਾ, ਜਿਸ ਕਾਰਨ ਹਜਾਰਾਂ ਗੋਰਖੇ ਪ੍ਰਵਾਰ ਜੋ ਸਿੱਖੀ ਨਾਲ ਜੁੜੇ ਸਨ ਹੌਲੀ ਹੌਲੀ ਸਿੱਖੀ ਤੋਂ ਟੁੱਟ ਗਏ। ਕਿਉਕਿ ਇਨਾਂ ਮੱਠਾਂ ਨਾਲ ਜਮੀਨਾਂ ਜਾਇਦਾਦਾਂ ਲੱਗੀਆਂ ਸਨ, ਕੁਝ ਇਕ ਮਹੰਤ ਤਾਂ ਜਰੂਰ ਸਿੱਖੀ ਨਾਲ ਜੁੜੇ ਰਹੇ। ਅੱਜ ਵੀ ਕਾਠਮੰਡੂ ਵਿਚ ਪੰਜ ਸਿੱਖ ਇਤਿਹਾਸਿਕ ਧਰਮਸਾਲ ਨੇ ਜਿੰਨਾਂ ਨੂੰ ਮੱਠ ਹੀ ਸੱਦਿਆ ਜਾਂਦਾ ਹੈ ਕਿਉਕਿ ਜੋਗੀ ਲੋਕਾਂ ਦੀ ਧਰਮਸਾਲ ਮੱਠ ਜਾਂ ਆਸਣ ਹੀ ਕਹਾਉਦੀ ਹੈ।

ਜੋ ਮੱਠ ਅੱਜ ਤਕ ਮੌਜੂਦ ਹਨ ਉਹਨਾਂ ਦੇ ਨਾਂ ਇਸ ਪ੍ਰਕਾਰ ਹਨ:○

1. ਗੁਰੂ ਨਾਨਕ ਮੱਠ ਨੇੜੇ ਬਿਸ਼ਨੂਮਤੀ ਪੁਲ, ਨੇੜੇ ਪਸ਼ੂਪਤੀਨਾਥ ਮੰਦਰ, ਕਾਠਮੰਡੂ। . 100 ਵਿਘਾ ਜਮੀਨ ਹੁੰਦੀ ਸੀ। ਹੁਣ ਸਿਰਫ 4 ਵਿਘੇ ਬਚੀ ਹੈ।

2. ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ। 25 ਵਿਘੇ ਜਮੀਨ ਸੀ। ਇਥੇ ਹੀ ਗੁਰੂ ਸਾਹਿਬ ਦੀ ਚਰਨ ਪਾਦੁਕਾ ਮੌਜੂਦ ਹੈ। ਇਥੇ ਹੀ ਮੰਜੀ ਸਾਹਿਬ ਭਾਵ ਥੜਾ ਮੌਜੂਦ ਹੁੰਦਾ ਸੀ ਜਿਥੇ ਗੁਰੂ ਸਾਹਿਬ ਬਿਰਾਜੇ ਸਨ। ਚਰਨ ਪਾਦੁਕਾ ਦੇ ਲਾਗੇ ਹੀ ਜੋਗੀਆਂ ਦੀ ਸਿੱਧ ਵਾਟਕਾ ਮੌਜੂਦ ਹੈ। ਇਥੇ ਵੱਡਾ ਸਾਰਾ ਟੱਲ ਹੈ ਜਿਸ ਤੇ ਗੁਰਮੁੱਖੀ ਦੇ ਅੱਖਰ ਟੱਲ ਦੀ ਢਲਾਈ 'ਚ ਉਕਰੇ ਪਏ ਹਨ। ਲਿਖਿਆ ਹੈ; '੧ਓਂਸਿਤਿਗੁਰੁ ਪ੍ਰਸਾਦਿ।" ਮਹੰਤ ਦਾ ਨਾਂ ਰਾਮਦਾਸ ਲਿਖਿਆ ਹੈ ਤੇ ਸਾਲ 1941 ਭਾਵ 1884 ਈ.

3. ਗੁਰਦੁਆਰਾ ਥਾਪਾਥਲੀ। ਨਦੀ ਦੇ ਲਾਗੇ । ਜਮੀਨ 50 ਵਿਘੇ ਸੀ। ਹੁਣ ਥੋੜੀ ਹੀ ਬਚੀ ਹੈ। ਖੂਹ ਦੀ ਮਣ ਤੇ ਗੁਰਮੁੱਖੀ ਵਿਚ ਮੂਲ ਮੰਤਰ ਲਿਖਿਆ ਵੀ ਮਿਲਦਾ ਹੈ। ਹੱਥ ਲਿਖਿਤ ਬੀੜਾਂ ਵੀ ਮੌਜੂਦ ਨੇ।

4. ਗੁਏਸ਼ਵਰੀ (ਗਿਆਨੇਸ਼ਵਰ) ਮੰਦਰ ਨੇੜੇ - ਇਥੇ ਗੁਰੂ ਸਾਹਿਬ ਨੇ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ ਜਿਸ ਦਾ ਲਾਭ ਅੱਜ ਵੀ ਨੇਪਾਲੀ ਉਠਾ ਰਹੇ ਨੇ। ਇਥੇ ਵੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਿਤ ਸਰੂਪ ਮੌਜੂਦ ਨੇ।

5. ਉਦਾਸੀਨ ਅਖਾੜਾ ਨੇੜੇ ਪਸ਼ੂਪਤੀ ਮੰਦਰ।

50-60 ਸਾਲ ਪਹਿਲਾਂ ਤਕ ਇਥੇ ਕੋਈ 500 ਘਰ ਗੋਰਖੇ ਸਿੱਖਾਂ ਦੇ ਸਨ। ਇਥੋਂ ਦੇ ਮੱਠਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਮੌਜੂਦ ਸਨ। ਇਕ ਅਜਿਹੀ ਬੀੜ ਵੀ ਹੈਗੀ ਸੀ ਜਿਸ ਵਿਚ ਨੌਵੇ ਪਾਤਸ਼ਾਹ ਦੀ ਬਾਣੀ ਅੰਕਤ ਨਹੀ ਸੀ। ਭਾਵ ਦਸਮ

ਸ੍ਰੋਤ ਸੂਚੀ
✚ ਬਾਬਾ ਸ੍ਰੀ ਚੰਦ ਮਹਾਰਾਜ - ਧੰਨਾ ਸਿੰਘ ਰੰਗੀਲਾ
○ https://www.youtube.com/watch?v=r9xhjK21Ia0




ਉਦਾਸੀਨ ਅਖਾੜਾ, ਪਸ਼ੂਪਤੀ ਨਾਥ ਮੰਦਰ ਦੇ ਪਿੱਛੇ

ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਦੀ ਸੀ। ਇਥੇ ਇਕ ਬਹੁਤ ਹੀ ਖੂਬਸੂਰਤ ਹੱਥ ਲਿਖਤ ਬੀੜ ਸੀ ਜਿਸ ਵਿਚ ਬਾਣੀ ਦੁਆਲੇ ਸੁਨਿਹਰੀ ਵੇਲ ਬਣੀ ਹੋਈ ਸੀ। ਕੋਈ ਸਮੱਗਲਰ ਇਨਾਂ ਭੋਲੇ ਭਾਲੇ ਗੋਰਖੇ ਮਹੰਤਾਂ ਕੋਲੋ ਉਹ ਚਲਾਕੀ ਨਾਲ ਚੁੱਕ ਲੈ ਗਿਆ ਹੈ।

ਗਿਆਨੀ ਗਿਆਨ ਸਿੰਘ ਨੇ ਅੱਜ ਤੋਂ ਸਦੀ ਪਹਿਲਾਂ ਲਿਖਿਆ ਹੈ ਕਿ ਪੰਡਤ ਨਰੈਣ ਸਿੰਘ ਨਿਰਮਲੇ ਸੰਤ ਨੇ ਇਥੋਂ ਦੇ ਰਾਜੇ ਸਮੇਤ ਅਨੇਕਾਂ ਲੋਕਾਂ ਨੂੰ ਗੁਰਮੱਤ ਦੇ ਦਾਇਰੇ ਵਿਚ ਲਿਆ ਰੱਖਿਆ ਹੈ।⊙

ਇਥੋਂ ਦੇ ਰਾਜੇ ਨੇ ਸੰਨ 1800 ਈ. ਵਿਚ ਗੁਰੂ ਨਾਨਕ ਮੱਠ ਨੂੰ ਸੈਕੜੇ ਏਕੜ ਜਮੀਨ ਅਲਾਟ ਕੀਤੀ ਸੀ। ਉਹ ਸ਼ਾਹੀ ਫਰਮਾਨ ਮਹੰਤਾਂ ਨੇ ਅੱਜ ਤਕ ਸਾਂਭਿਆ ਹੋਇਆ ਹੈ।

ਬਦਕਿਸਮਤੀ ਨਾਲ ਇਥੇ ਨੇਪਾਲ ਦੀ ਸੰਗਤ ਵੀ ਪ੍ਰਚਲਤ ਰਵਾਇਤ ਸਾਂਭ ਨਾਂ ਸਕੀ ਕਿ ਕਿਸ ਮਹੀਨੇ-ਸਾਲ ਗੁਰੂ ਸਾਹਿਬ ਇਥੇ ਪਧਾਰੇ ਸਨ। ਬਾਦ ਵਿਚ ਲਿਖੀਆਂ ਗਈਆਂ ਇਤਹਾਸਿਕ ਕਿਤਾਬਾਂ ਨੇ ਰਵਾਇਤ ਤੇ ਅਸਰ ਕਰ ਦਿਤਾ ਜਿਸ ਕਰਕੇ ਲੋਕਾਂ ਵਿਚ ਇਕ ਗਲਤਫਹਿਮੀ ਪਾਈ ਜਾਦੀ ਹੈ ਕਿ ਗੁਰੂ ਸਾਹਿਬ 1515 ਵਿਚ ਇਥੇ ਆਏ ਤੇ ਰਾਜੇ ਦਾ ਰੋਗ ਦੂਰ ਕੀਤਾ ਸੀ ਜਿਸ ਕਰਕੇ ਰਾਜੇ ਜੈ ਜਗਤ ਮੱਲ ਨੇ ਸੈਕੜੇ ਏਕੜ ਜਮੀਨ ਗੁਰੂ ਨਾਨਕ ਮੱਠ ਨੂੰ ਅਲਾਟ ਕਰ ਦਿਤੀ। ਅਖੇ ਮੱਠ ਦੇ ਗੁਰਸਿੱਖ ਜੋਗੀਆਂ ਨੇ ਉਹ ਸ਼ਾਹੀ ਫਰਮਾਨ ਅੱਜ ਤਕ ਸਾਂਭਿਆ ਹੋਇਆ ਹੈ। ਜਦੋਂ ਕਿ ਸੱਚ ਇਹ ਹੈ ਕਿ ਜਮੀਨ ਦਾ ਪੱਟਾ 1800 ਈ. 'ਚ ਜਾਰੀ ਹੋਇਆ ਸੀ। ਉਹ ਵੀ ਉਸ ਵੇਲੇ ਜਦੋਂ ਪੰਜਾਬ ਦੇ ਇਲਾਕਿਆਂ ਵਿਚ ਉਠੀਆਂ ਸਿੱਖ ਮਿਸਲਾਂ ਦੇ ਰਾਜ ਨੇ ਪੂਰੇ ਭਾਰਤੀ ਉਪਮਹਾਂਦੀਪ ਵਿਚ ਮੁਗਲਾਂ ਦੇ ਦੰਦ ਖੱਟ ਕਰਕੇ ਤੇ ਨਿਆਂ ਦੇ ਰਾਜ ਕਰਕੇ ਨਾਮਣਾ ਖੱਟਿਆ ਸੀ ਅਤੇ ਲਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਨਸਾਨੀਅਤ ਪੱਖੀ ਹਕੂਮਤ ਖੜੀ ਕਰ ਦਿਤੀ ਸੀ। ਭਾਵ ਕਿ ਇਹ ਗੁਰੂ ਨਾਨਕ ਦੇ ਚਮਤਕਾਰ ਸਦਕਾ ਖੜੀ ਹੋਈ ਰਾਜ ਦੀ ਹੋਂਦ ਦਾ ਹੀ ਕਮਾਲ ਸੀ। ਕਹਿਣ ਤੋਂ ਮਤਲਬ ਜਦੋਂ ਕਿਸੇ ਕੌਮ ਦੀ ਰਾਜਨੀਤਕ ਹਾਲਤ ਸੁਖਾਵੀਂ ਹੁੰਦੀ ਹੈ ਤਾਂ ਗਵਾਂਢੀ ਜਾਂ ਦੂਸਰੇ ਵੀ ਕਦਰ ਕਰਦੇ ਨੇ। ਲਹੌਰ ਵਿਚ ਰਾਜ ਹੋਣ ਕਰਕੇ ਨੇਪਾਲੀ ਰਾਜੇ ਨੇ ਸਿੱਖੀ ਦੀ ਵੱਧ ਕਦਰ ਕੀਤੀ ਸੀ।

ਗੁਰੂ ਨਾਨਕ ਮੱਠ, ਨੇੜੇ ਪਸ਼ੂਪਤੀ ਮੰਦਰ ਦੀ ਖਸਤਾ ਹਾਲ ਇਮਾਰਤ



ਯਾਦ ਰਹੇ ਗੁਰੂ ਸਾਹਿਬ ਕਦੀ ਵੀ ਲੰਗਰ ਪਾਣੀ ਛੱਕਣ ਤੋਂ ਇਲਾਵਾ ਕੋਈ ਭੇਟ ਸਵੀਕਾਰ ਨਹੀ ਸੀ ਕਰਿਆ ਕਰਦੇ। ਇਤਹਾਸ ਗਵਾਹ ਹੈ ਕਿ ਉਹਨਾਂ ਨੇ ਥਾਂ ਥਾਂ ਰਾਜਿਆਂ ਜਾਂ ਅਮੀਰਾਂ, ਸ਼ਾਹਾਂ ਅਤੇ ਸੁਦਾਗਰਾਂ ਦੀਆਂ ਭੇਟਾਵਾਂ ਬੜੀ ਹਲੀਮੀ ਨਾਲ ਠੁਕਰਾਈਆਂ ਸਨ। ਹਾਂ ਕਿਤੇ ਕਿਤੇ ਰਾਜੇ ਉਹਨਾਂ ਦਾ ਟਾਂਗੇ ਜਾਂ ਬੇੜੇ (ਜਹਾਜ) ਆਦਿ ਦਾ ਕਰਾਇਆ ਜਰੂਰ ਭਰ ਦਿਆ ਕਰਦੇ ਸਨ। ਸਾਨੂੰ ਉਹ ਫੁਰਮਾਨ ਵੇਖਣ ਦਾ ਮੌਕਾ ਮਿਲਿਆ ਹੈ⊙ ਜਿਸ ਵਿਚ ਬੜਾ ਸਾਫ ਸਾਫ ਲਿਖਿਆ ਹੈ ਕਿ ਗੁਰੂ ਨਾਨਕ ਮੱਠ ਦੀ ਬਖਸ਼ਸ਼ ਸਦਕਾ ਰਾਜੇ ਦਾ ਰੋਗ ਦੂਰ ਹੋਇਆ ਅਤੇ ਰਾਜੇ ਨੇ ਖੁਸ਼ ਹੋ ਕੇ ਜਮੀਨ ਦਾ ਪੱਟਾ ਲਿਖ ਦਿੱਤਾ ਹੈ। ਰਾਜੇ ਦਾ ਨਾਂ ਮਹਾਰਾਜਾ ਗਿਰਵਾਨ ਯੋਧਾ ਬਿਕਰਮ ਸ਼ਾਹ ਹੈ। ਤਾਰੀਕ ਪੋਹ ਸੁਦੀ 5, ਸੰਨ 1857 ਸੰਮਤ ਭਾਵ ਈਸਵੀ ਸੰਨ 1800 ਬਣਦਾ




ਰਘਬੀਰ ਸਿੰਘ ਖਡੂਰ ਸਾਹਿਬ ਥਾਪਾਥਲੀ ਗੁਰਦੁਆਰੇ ਦੀ ਹਾਲਤ ਬਿਆਨ ਕਰ ਰਹੇ ਹਨ ਕਿ ਓਤੇ ਪਈ ਟਿਨ ਦੀ ਛੱਤ ਵਿਚ ਮਘੋਰੇ ਹੋਏ ਪਏ ਨੇ। ਐਨ ਇਹੋ ਹਾਲ ਹੈ ਕਾਠਮੰਡੂ ਦੇ ਬਾਕੀ ਸਿੱਖ ਸਥਾਨਾਂ ਦੀਆਂ ਇਮਾਰਤਾਂ ਦਾ। ਸ.ਸ.ਮਾਨ ਦਲ ਦੇ ਕਾਰਕੁੰਨ ਰਘਬੀਰ ਆਪਣੇ ਵੀਡਿਓ ਵਿਚ ਨੇਪਾਲ ਦੇ ਸਹਿਜਧਾਰੀ ਸਿੱਖਾਂ ਖਿਲਾਫ ਨਫਰਤ ਵੀ ਉਗਲਦੇ ਹਨ। ਜਿੰਨਾਂ ਨੇ ਸਦੀਆਂ ਤਕ ਸਿੱਖੀ ਦੀਆਂ ਇਹ ਨਿਸ਼ਾਨੀਆਂ ਸਾਂਭ ਰੱਖੀਆਂ ਹਨ। ਸੂਝਵਾਨ ਸਿੱਖ ਮਾਨ ਦਲ ਦਾ ਕੱਟੜਪੰਥੀ ਵਰਤਾਰਾ ਵੀ ਸਮਝਣ ਦੀ ਕੋਸ਼ਿਸ਼ ਕਰਨ।

ਹੈ।(ਉਸ ਫਰਮਾਨ ਦੀ ਫੋਟੋ ਪਿੱਛੇ ਸਫਾ 140 ਤੇ ਹੈ।)

## ਲਲਿਤਪੁਰ ਤੋਂ ਹੀ ਬਣਿਆ ਹੈ ਜਨਮਸਾਖੀਆਂ ਦਾ ਅਲਾਲਾਚੀਨ

ਕਾਠਮੰਡੂ ਤੋਂ 8 ਕਿ. ਮੀ ਹੇਠਾਂ, ਅੱਜ ਲਲਿਤਪੁਰ ਵੀ ਇਕ ਤਰਾਂ ਨਾਲ ਕਾਠਮੰਡੂ ਦਾ ਹਿੱਸਾ ਹੀ ਬਣ ਚੁੱਕਾ ਹੈ। ਪਰ ਪਹਿਲਾਂ ਇਹਦੀ ਆਪਣੀ ਵੱਖਰੀ ਹੋਂਦ ਸੀ। ਇਹ ਤਾਂ ਕਾਠਮੰਡੂ ਤੋਂ ਵੀ ਪੁਰਾਣਾ ਨਗਰ ਹੈ। ਪਰ ਪ੍ਰਸਿੱਧ ਮੰਦਰ ਕਾਠਮੰਡੂ ਹੋਣ ਕਰਕੇ ਉਹਦਾ ਨਾਂ ਜਿਆਦਾ ਚਲ ਪਿਆ ਹੈ। ਕੁਦਰਤੀ ਆ, ਗੁਰੂ ਸਾਹਿਬ ਲਲਿਤਪੁਰ ਆਏ। ਇਹਦਾ ਨਾਂ ਪਾਟਨ ਵੀ ਚਲਦਾ ਰਿਹਾ ਹੈ। ਗੁਰੂ ਸਾਹਿਬ ਵੇਲੇ ਲਲਿਤਪੁਰ ਇਲਾਕੇ ਜਾਂ ਇਹ ਕਹਿ ਲਓ ਕਾਠਮੰਡੂ ਘਾਟੀ ਨੂੰ ਓਨੀ ਦਿਨੀ ਯਲ ਜਾਂ ਯਾਲਾ ਕਿਹਾ ਜਾਂਦਾ ਸੀ। ਹਿੰਦੁਸਤਾਨੀ ਲੋਕ ਤਿੱਬਤ, ਸਿੱਕਮ, ਭੂਟਾਨ, ਨੇਪਾਲ ਜਿਹੇ ਬੋਧੀ ਹਿੱਸਿਆਂ ਨੂੰ ਚੀਨ ਹੀ ਗਿਣਦੇ ਸਨ। ਫਿਰ ਨੇਪਾਲ ਵਿਚ ਵੀ ਬੋਧੀਮਤ ਗੁਰੂ ਸਾਹਿਬ ਦੇ ਵੇਲੇ ਪੂਰਾ ਪ੍ਰਚੰਡ ਸੀ। ਨਾਲੇ ਜੋਗੀਆਂ ਦਾ ਮਛਿੰਦਰ ਨਾਥ ਵੀ ਇਥੋਂ ਦਾ ਹੀ ਦੱਸਿਆ ਗਿਆ ਹੈ। ਇਸ ਕਰਕੇ ਜੋਗਮਤ ਵਾਸਤੇ ਯਾਲਾ ਦੀ ਅਹਿਮੀਅਤ ਹੋਰ ਵੀ ਜਿਆਦਾ ਸੀ। ਸੋ ਭਾਰਤੀਆਂ ਲਈ ਨੇਪਾਲ ਉਹਨੀ ਦਿਨੀ ਯਾਲਾਚੀਨ ਕਹਾਇਆ। ਇਸ ਕਰਕੇ ਯਾਲਾ ਜਾਂ ਆਲਾ ਹੀ ਹੋ ਸਕਦਾ ਹੈ ਅਲਾਲਾਚੀਨ। ⊙

ਯਾਲਾ ਦੀ ਮੂਰਤੀ ਕਲਾ ਉਹਨੀ ਦਿਨੀ ਸਿਖਰ ਤੇ ਸੀ।

## ਨੇਪਾਲ ਤੋਂ ਵਾਪਸੀ

ਇਕ ਨਿਰੰਕਾਰ ਸਰਬਵਿਆਪਕ ਦੇ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਸਾਹਿਬ ਫਿਰ ਪਾਟਨ ਅਤੇ ਭਕਤਪੁਰ ਹੁੰਦੇ ਹੋਏ ਅਤੇ ਰਸਤੇ ਦੇ ਹੋਰ ਨਗਰਾਂ ਦੇ ਵਸਨੀਕਾਂ ਦਾ ਉਧਾਰ ਕਰਦੇ ਹੋਏ ਫਿਰ ਮਿਥਲਾ ਇਲਾਕੇ ਵਿਚ ਦਾਖਲ ਹੋਏ ਤੇ ਜਿਥੇ ਅੱਜ ਜਨਕਪੁਰ ਹੈ ਉਸ ਤੋਂ ਉਤਾਂਹ ਪਹਾੜ ਪਾਸੇ ਜੋਗੀਆਂ ਦੇ ਮੱਠ ਸਨ ਉਹਨਾਂ ਦਾ ਕਲਿਆਣ ਕੀਤਾ।

ਭਾਵ ਜਨਕਪੁਰ ਰਾਜਬਿਰਾਜ ਅਤੇ ਬਿਰਾਟਨਗਰ ਦਾ ਪਹਾੜ ਪਾਸਾ ਗਾਹਿਆ। ਜਨਕਪੁਰ ਜਿਆਦਾ ਪੁਰਾਣਾ ਸ਼ਹਿਰ ਤਾਂ ਨਹੀ ਹੈ। ◘ ਰਾਜੇ ਜਨਕ ਦੇ ਮੂਲ ਸ਼ਹਿਰ ਦਾ ਤਾਂ ਕੋਈ ਅਤਾ ਪਤਾ ਨਹੀ ਲਗਦਾ। ਉਂਜ ਵੀ ਇਹ ਸਭ ਮਿਥਿਹਾਸ ਹੀ ਗਿਣਿਆ ਜਾਂਦਾ ਹੈ। ਯਾਦ ਰਹੇ ਹਿੰਦੂ ਮਿਥਹਾਸ ਦੀ ਸੀਤਾ ਇਥੇ ਹੀ ਰਾਜਾ ਜਨਕ ਨੂੰ ਹਲ ਵਾਹੁਦਿਆਂ ਸਿਆੜ ਵਿਚੋਂ ਮਿਲੀ ਸੀ। ਰਾਜੇ ਨੇ ਉਹਨੂੰ ਆਪਣੀ ਧੀ ਵਾਗੂ ਪਾਲਿਆ ਅਤੇ ਉਹਦੇ ਜਵਾਨ ਹੋਣ ਤੇ ਸ਼ਰਤ ਰੱਖ ਦਿਤੀ ਸੀ ਕਿ ਸੀਤਾ ਦਾ ਵਿਆਹ ਉਹਦੇ ਨਾਲ ਹੋਵੇਗਾ ਜੋ ਸੀਤਾ ਦਾ ਧਣਖ ਚੁੱਕ ਸਕੇਗਾ। ਓਦੋਂ ਫਿਰ ਅਯੁਧਿਆ ਨਗਰੀ ਦੇ ਰਾਜਕੁਮਾਰ ਰਾਮ ਨੇ ਉਹ ਧਣਖ ਬਾਣ ਚੁੱਕਿਆ ਸੀ। ਮਿਥਿਲਾ ਦੇ ਰਾਜਿਆਂ ਨੂੰ ਜਨਕ ਰਾਜੇ ਕਿਹਾ ਜਾਂਦਾ ਸੀ। ਅੱਜ ਮਿਥਿਲਾ ਦਾ ਕੁਝ ਇਲਾਕਾ ਨੇਪਾਲ ਵਿਚ ਤੇ ਬਾਕੀ ਬਿਹਾਰ ਅਤੇ ਯੂ ਪੀ ਵਿਚ ਪੈਂਦਾ ਹੈ। ਹਾਲਾਂ ਪੂਰਨੀਆ ਅਤੇ ਸੀਤਾਮੜੀ ਪੁਰਾਣੇ ਸ਼ਹਿਰ ਨੇ ਜਨਕਪੁਰ ਸਹਿਰ ਦੀ ਨੀਂਹ 200 ਸਾਲ ਪਹਿਲਾਂ ਹੀ ਰੱਖੀ ਗਈ ਸੀ ਕਿਉਕਿ ਇਥੋਂ ਸੋਨੇ ਦੀ ਜਨਾਨਾ ਮੂਰਤੀ ਨਿਕਲੀ ਸੀ ਜਿਸ ਨੂੰ



ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ ਦੇ ਲਾਗੇ ਮੌਜੂਦ ਸਿੱਧ ਵਾਟਿਕਾ ਤੇ ਲਮਕਦਾ 1884 ਈ. ਦਾ ਟੱਲ ਜਿਸ ਤੇ ਗੁਰਮੁਖੀ ਦੇ ਅੱਖਰ ਢਲੇ ਹੋਏ ਹਨ।

ਮੰਨ ਲਿਆ ਗਿਆ ਸੀ ਕਿ ਇਹ ਸੀਤਾ ਦੀ ਮੂਰਤ ਹੀ ਹੈ।

ਇਸ ਇਲਾਕੇ ਦੇ ਸਾਹਿਬ ਦੇ ਪ੍ਰਚਾਰ ਬਾਬਤ ਗਿਆਨੀ ਨੇ ਲਿਖਿਆ ਹੈ:

"ਜਨਕਪੁਰ। ਇਥੋਂ ਦੇ ਲੋਕਾਂ ਨੂੰ ਪੱਥਰ ਦੇ ਬਣੇ ਧਨੁੱਖ ਬਾਣ ਦੀ ਪੂਜਾ ਕਰਨੋਂ ਵਰਜਿਆ। ਪੰਡਿਆਂ ਨੇ ਗਲ ਬਣਾਈ ਹੋਈ ਸੀ ਕਿ ਇਹ ਭਗਵਾਨ ਰਾਮ ਦਾ ਧਨੁਖ ਬਾਣ ਹੈ।"

## ਚਤਰੇ

"ਚਤਰੇ ਨਗਰ ਜਾ ਠਹਿਰੇ। ਜਿਥੇ ਰਿਆਸਤ ਨੈਪਾਲ ਵੱਲੋ ਇਕ ਲੱਖ ਦੀ ਜਾਗੀਰ ਹੁਣ ਭੀ ਗੁਸਾਈਂ ਫਕੀਰਾਂ ਨੂੰ ਮਿਲਦੀ ਹੈ।" (ਨੇਪਾਲੀ ਸਿੱਖਾਂ ਨਾਲ ਗੱਲ ਬਾਤ ਕਰਨ ਤੇ ਪਤਾ ਲੱਗਾ ਹੈ ਕਿ ਇਹ ਮੱਠ ਅੱਜ ਤਕ ਮੌਜੂਦ ਹਨ। ਪਰ ਸੱਜਣ ਸਹੀ ਪਤਾ ਨਹੀ ਦੱਸ ਪਾਏ। ਇਸ ਥਾਂ ਨੂੰ ਅਸੀ ਅੱਜ ਦੇ ਹਾਲਾਤਾਂ ਮੁਤਾਬਿਕ ਜੋ ਪਛਾਣਿਆ ਹੈ ਉਹ ਪਿੰਡ ਚਤਾਰੀ (ਨਕਸ਼ਾ ਸੂਚਕ 26.725280, 86.182359) ਹੈ ਜੋ ਕਮਲਾ ਦਰਿਆ ਦੇ ਪੂਰਬੀ ਕੰਢੇ ਤੇ ਜਨਕਪੁਰ ਤੋਂ ਐਨ ਪੂਰਬ ਪਾਸੇ ਨੱਕ ਦੀ ਸੇਧ ਤੇ 25 ਕਿ. ਮੀ ਹੈ। ਸੜਕ ਰਾਂਹੀ ਜਾਣ ਲਈ ਜਨਕਪੁਰ ਤੋਂ ਉੱਤਰ ਛਿਰੇਛਵਰਨਾਥ ਤੇ ਫਿਰ ਪੂਰਬ ਮਿਰਚਈਆ ਤੇ ਫਿਰ ਹੇਠਾਂ ਪੱਛਮ ਵਲ ਚੰਦਰ ਅਯੋਧਿਆ ਪੁਰ ਤੋਂ ਚਤਾਰੀ।

ਇਥੇ ਇਸ ਵੇਲੇ ਵੀ ਤਿੰਨ ਮੱਠ ਮੌਜੂਦ ਹਨ: 1.ਧੂਣੀਆ ਮੱਠ, 2. ਤਕੀਆ ਮੱਠ ਅਤੇ 3. ਭੇੜੀਆ ਮੱਠ। ◆ "ਚਤਰੇ ਤੋਂ ਤਿੰਨ ਕੋਹ ਉਰੇ ਬਣਖੰਡੀ ਦੇ ਤਪ ਕਰਨ ਦੀ ਜਗਾ ਖਾਤਾ ਸਾਹਿਬ ਕਰਕੇ ਮਸ਼ਹੂਰ ਹੈ। ਇਥੇ ਤਿੰਨ ਪਿੰਡ ਨੈਪਾਲ ਸਰਕਾਰ ਵਲੋ ਮਿਲੇ ਹੋਏ ਹਨ। ਇੱਕ ਵਾਰੀ ਮਹੰਤੀ ਪਿਛੇ ਝਗੜਾ ਹੋਇਆ, ਖੂਨ ਹੋਏ, ਇਸ ਕਰਕੇ ਹੁਣ ਇੱਕ ਲਕੜਾ ਗੱਡ ਕੇ ਉਸਦਾ ਨਾਂ ਮੋਹਨ ਦਾਸ ਮਹੰਤ ਰਖ ਛੱਡਿਆ ਹੈ ਤੇ ਕਾਰ ਬਾਰ ਸਾਧੂ ਕਰਦੇ ਹਨ। ਚਤਰੇ ਤੋਂ 6 ਕੋਹ ਇੱਕ ਧੂਣੀ ਭੀ ਵਣਖੰਡੀ ਦੀ ਹੈ ਜਿਸ

ਪੈੜ ਸੂਤਰ


⊙ ਦਲਵਿੰਦਰ ਗ੍ਰੇਵਾਲ ਦਾ ਮੰਨਣਾ ਹੈ ਕਿ ਅਲਲਾਚੀਨ ਨਾਮ ਸਿੱਕਮ ਵਿਚ ਮੌਜੂਦ ਕਸਬਾ ਲਾਚੇਨ ਕਰਕੇ ਹੈ। ਜਦੋਂ ਕਿ ਸਚਾਈ ਇਹ ਹੈ ਕਿ ਲਾਚੇਨ ਕਸਬਾ ਬਹੁਤ ਹੀ ਮਾਮੂਲੀ ਹੈ ਤੇ ਇਤਹਾਸਿਕ ਤੌਰ ਤੇ ਮਹੱਤਤਾ ਨਹੀ ਰੱਖਦਾ। ਨਾਂ ਹੀ ਲਾਚੇਨ ਨਾਂ ਦੇ ਦਰੇ ਦੀ ਪੰਜਾਬੀਆਂ ਅਤੇ ਹਿੰਦੁਸਤਾਨੀਆਂ ਲਈ 500 ਸਾਲ ਪਹਿਲਾਂ ਕੋਈ ਪ੍ਰਸੰਗਕਤਾ ਸੀ ਨਾਂ ਹੀ ਉਹਨਾਂ ਇਹ ਨਾਂ ਪਹਿਲਾਂ ਸੁਣਿਆ ਸੀ।(ਬਾਲਾ- 237 ਨੇ ਅਲਾਲ ਚੀਨ ਨਾਂ ਦਾ ਪੰਛੀ ਵੀ ਲਿਖਿਆ ਹੈ।) ◆ ਇਸ ਪਤੇ ਦੀ ਤਸਦੀਕ ਹੋਣੀ ਬਾਕੀ ਹੈ।

ਨਾਲ ਸੱਤ ਪਿੰਡ ਜਾਗੀਰ ਦੇ ਹਨ ਤੇ ਮਕਾਨ ਭੀ ਵੱਡਾ ਭਾਰੀ ਹੈ ਉਸ ਧੂਣੀ ਨੂੰ। ਉਥੇ ਇਕ ਨਾਲੇ ਨੂੰ ਫਾਹੁੜੀ ਗੰਗਾ ਅਤੇ ਚਸ਼ਮੇ ਨੂੰ ਕਰਮੰਡਲ ਚਸ਼ਮਾ ਬੋਲਦੇ ਹਨ। ਨੇਪਾਲ ਵਾਲੇ ਰਾਜੇ ਦਾ ਸਿੱਧ ਜਿਸ ਦਾ ਨਾਮ ਔਲੀਆ ਸੀ, ਉਸ ਨੇ ਵੀ ਬਾਬੇ ਕੋਲ ਆ ਕੇ ਬੜੇ ਪ੍ਰਸ਼ਨ ਉੱਤਰ ਕੀਤੇ ਅਤੇ ਅਖੀਰ ਤੇ ਉਹ ਵੀ ਚਰਨੀ ਲੱਗਾ।"

ਇਥੋਂ ਭਾਵ ਜਨਕਪੁਰ ਦੇ ਇਲਾਕੇ ਤੋਂ ਫਿਰ ਸਾਹਿਬ ਪੂਰਬ ਵਲ ਨੂੰ ਹੁੰਦੇ ਹਨ।

ਵਿਸ਼ਨੂੰ ਭਗਵਾਨ ਦਾ ਵਰਾਹ ਅਰਥਾਤ ਸੂਰ ਅਵਤਾਰ। ਪਰ ਇਹ ਵਿਸ਼ਾਲ ਮੂਰਤੀਆਂ ਸਾਗਰ ਐਮ ਪੀ (ਖੱਬੇ) ਅਤੇ ਉੜੀਸਾ (ਸੱਜੀ) ਤੋਂ।





## ਵਰਾਹਖੇਤਰ

"ਬ੍ਰਾਹਖੇਤਰ - ਚਤਰੇ ਤੋ ਚਲ ਫਿਰ ਕੇ ਬਰਾਹਿ ਛੇਤ੍ਰ ਪਰ ਜਾ ਠਹਿਰੇ। ਬਰਾਹ ਕਸ਼ੇਤਰਾ (ਨਕਸ਼ਾ ਸੂਚਕ 26.827903, 87.171813, ਜਿਲਾ ਸੁੰਨਸਾਰੀ, ਨੇਪਾਲ- ਕੋਸੀ ਨਦੀ ਦਾ ਪੂਰਬੀ ਕੰਢਾ।) ਪਹੁੰਚੇ। ਇਹ ਵੀ ਉਹਨੀ ਦਿਨੀ ਹਿੰਦੂਮਤ ਦਾ ਪ੍ਰਮੁਖ ਸਥਾਨ ਸੀ।"

ਸਿਰਫ ਏਨਾ ਹੀ ਨਹੀ ਇਸ ਦਾ ਜਿਕਰ ਹਿੰਦੂਆਂ ਦੇ ਪ੍ਰਸਿੱਧ ਸਾਸ਼ਤਰ ਬ੍ਰਹਮ ਪੁਰਾਣ, ਵਰਾਹ ਪੁਰਾਣ, ਸਿਕੰਦ ਪੁਰਾਣ ਅਤੇ ਮਹਾਂ ਭਾਰਤ ਵਿਚ ਵੀ ਮਿਲਦਾ ਹੈ। ਇਥੇ ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਜਿਹੜਾ ਬਰਾਹ ਜਾਂ ਵਰਾਹ ਭਾਵ ਸੂਰ ਅਵਤਾਰ ਹੈ ਉਹ ਪੂਜਿਆ ਜਾਂਦਾ ਹੈ। ਭੂਚਾਲ ਵਿਚ ਪੁਰਾਣਾ ਮੰਦਰ ਤਾਂ ਢਹਿ ਚੁੱਕਾ ਹੈ। ਕਿਸੇ ਵੇਲੇ ਇਥੋਂ 1500 ਸਾਲ ਪੁਰਾਣੀਆਂ ਮੂਰਤੀਆਂ ਨਿਕਲੀਆਂ ਸਨ।

ਗੁਰੂ ਜੀ ਨੇ ਇਥੇ ਪੁਜਾਰੀਆਂ ਨੂੰ ਸੱਚ ਦਾ ਗਿਆਨ ਦਿਤਾ ਤੇ ਸਮਝਾਇਆ ਉਸ ਅਕਾਲ ਪੁਰਖ ਨੂੰ ਪੂਜੋ ਜਿਸ ਨੇ ਵਿਸ਼ਨੂੰ ਜਾਂ ਵਰਾਹ ਜਿਹੇ ਅਵਤਾਰ ਪੈਦਾ ਕੀਤੇ।

# ਸਿੱਕਮ ਅਤੇ ਭੂਟਾਨ ਦੀ ਉਦਾਸੀ

ਬਦਕਿਸਮਤੀ ਨਾਲ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਦੀ ਨੇਪਾਲ, ਸਿੱਕਮ, ਭੂਟਾਨ ਆਮਦ ਬਾਰੇ ਸਾਫ ਜਿਕਰ ਨਹੀ ਮਿਲਦਾ । ਇਕ ਸਾਖੀ ਮਿਲਦੀ ਹੈ, 'ਸਾਖੀ ਭੂਟੰਤ ਦੇਸ ਕੀ ਚਲੀ'। ਅਜੋਕੇ ਸਭ ਲਿਖਾਰੀ ਉਨੂੰ ਭੂਟਾਨ ਨਾਲ ਹੋਣਾ ਮੰਨਦੇ ਪਰ ਇਹ ਕੁਲੂ ਲਾਗਲੇ ਭੂੰਤਰ ਜਾਂ ਭੁਟੰਤਰ ਬਾਬਤ ਹੈ। (ਦੇਖੋ ਸਫਾ 303)

ਜਿਵੇ ਅਸੀ ਪਿਛੇ ਬਾਰ ਬਾਰ ਦੱਸਦੇ ਆ ਰਹੇ ਹਾਂ ਗੁਰੂ ਜੀ ਦਾ ਨਿਸ਼ਾਨਾ ਕੋਈ ਧਾਰਮਿਕ ਸਥਾਨ ਹੁੰਦਾ ਸੀ ਜਿਥੇ ਸਾਧੂ ਸੰਤਾਂ ਦਾ ਸਮੂਹ ਹੋਵੇ। ਯਾਦ ਰਹੇ ਉਹ ਸੈਰ ਜਾਂ ਤਫਰੀ ਨਹੀ ਸਨ ਕਰ ਰਹੇ ਜਿਵੇ ਗਿਆਨੀ ਜੀ ਨੇ ਲਿਖਿਆ। ਉਹਨਾਂ ਦਾ ਮਿਸ਼ਨ ਸੀ ਲੋਕਾਈ ਨੂੰ ਇਕ ਨਿਰੰਕਾਰ ਦਾ ਗਿਆਨ ਕਰਾਉਣਾ ਅਤੇ ਊਲ ਜਲੂਲ ਦੀਆਂ ਪੂਜਾ ਪ੍ਰਨਾਲੀਆਂ ਤੋਂ ਹਟਾਉਣਾ। ਸਿੱਕਮ ਭੂਟਾਨ ਦੇ ਦੁਰਗਮ ਪਹਾੜੀ ਖੇਤਰਾਂ ਵਿਚ ਕਬੀਲਿਆ ਦਾ ਰਾਜ ਸੀ। ਕਿਤੇ ਕਿਤੇ ਬੋਧੀ ਮੱਠ ਸਨ। ਅਬਾਦੀ ਬਹੁਤ ਹੀ ਘੱਟ ਸੀ। ਇਲਾਕੇ ਦੀ ਬੋਲੀ ਵੀ ਭਾਰਤੀ ਬੋਲੀਆਂ ਤੋਂ ਚੋਖੀ ਵੱਖਰੀ ਤੇ ਤਿਬਤੀ ਭਾਸ਼ਾ ਨਾਲ ਥੋੜਾ ਮੇਲ ਖਾਂਦੀ ਹੈ।

ਕਿਉਕਿ ਨੇਪਾਲ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ ਸਭ ਤੋਂ ਪਹਿਲਾ ਜਿਕਰ ਗਿਆਨੀ ਜੀ ਨੇ ਹੀ ਕੀਤਾ ਹੈ ਅਤੇ ਗਿਆਨੀ ਜੀ ਹੀ ਗੁਰੂ ਸਾਹਿਬ ਦਾ ਭੂਟਾਨ ਅਤੇ ਸਿੱਕਮ ਵੀ ਜਾਣਾ ਲਿਖਦੇ ਹਨ। ◈ ✚

ਗਿਆਨੀ ਜੀ ਅਨੁਸਾਰ ਗੁਰੂ ਸਾਹਿਬ ਧੁਮਰਾ (ਬਿਰਾਟ ਨਗਰ) ਤੋਂ ਪੂਰਬ ਸਿਲੀਗੁੜੀ ਨੂੰ ਜਾਂਦੇ ਨੇ ਤੇ ਜਿਥੇ ਅੱਜ ਦਾਰਜੀਲਿੰਗ ਹੈ ਉਥੇ ਵੀ ਕੋਈ ਮਸ਼ਹੂਰ ਬੋਧੀ ਜਾਂ ਜੋਗੀ ਮੱਠ ਸੀ ਜਿੰਨਾਂ ਨੂੰ ਨਿਰੰਕਾਰ ਦੀ ਅਰਾਧਨਾ ਦਾ ਉਪਦੇਸ਼ ਦੇ ਕੇ ਉਤਾਂਹ ਪਹਾੜਾਂ ਨੂੰ ਚੜ੍ਹਦੇ ਹਨ। ਦਾਰਜੀਲਿੰਗ ਤੋਂ ਕੋਈ 100 ਕਿ. ਮੀ ਦਾ ਪਹਾੜੀ ਪੈਂਡਾ ਤਹਿ ਕਰਕੇ ਗੰਗਟੋਕ ਪਹੁੰਚ ਬੋਧੀਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਦੇ ਨੇ। ਰਸਤੇ ਵਿਚ ਹੋਰ ਜੋ ਧਾਰਮਿਕ ਸਥਾਨ ਸਨ, ਜਾ ਕੇ, ਲੋਕਾਈ ਦਾ ਕਲਿਆਣ ਕਰਦੇ ਹਨ।

ਗੰਗਟੋਕ ਦੇ ਮੱਠਾਂ ਵਿਚ ਉਪਦੇਸ਼ ਕਰਨ ਉਪਰੰਤ ਉੱਤਰ ਦੀ ਯਾਤਰਾ ਜਾਰੀ ਰਖਦੇ ਨੇ।

ਉਂਜ ਇਹ ਤਾਂ ਬੜਾ ਸਾਫ ਹੈ ਕਿ ਸਾਹਿਬ ਨੇ ਸਿੱਕਮ-ਭੂਟਾਨ ਦੇ ਇਲਾਕੇ ਦੇ ਮੁੱਖ ਮੱਠ ਗਾਹੇ ਸਨ। ਮੌਜੂਦਾ ਹਾਲਾਤਾਂ ਤੋਂ ਬਹੁਤ ਪਹਿਲਾਂ ਹੀ ਭਾਵ 18ਵੀ ਅਤੇ 19ਵੀ ਸਦੀ ਵਿਚ ਵੀ ਬੋਧੀ ਲਾਮੇ ਅੰਮ੍ਰਿਤਸਰ ਦੀ ਯਾਤਰਾ ਕਰਦੇ ਆਏ ਹਨ। ਉਹਨਾਂ ਵਿਚੋਂ ਕਈ ਭੋਲਿਆਂ ਦਾ ਇਹ ਵੀ ਸੋਚਣਾ ਸੀ ਕਿ ਗੁਰੂ ਪਦਮਸੰਭਵ (ਰਿਮਪੋਚੇ) ਅਤੇ ਗੁਰੂ ਨਾਨਕ ਇਕ ਹੀ ਗਲ ਹੈ।

ਪਹਾੜ ਚੜ੍ਹਨ ਦੇ ਸ਼ੌਕੀਨ ਕੁਝ ਸਿੱਖ ਜਦੋਂ ਤਿੱਬਤ ਵਿਚ ਗਏ ਤਾਂ ਉਹਨਾਂ ਨੇ ਲਫਜ 'ਨਾਨਕ ਲਾਮਾ' ਓਥੋਂ ਦੇ ਬੋਧੀਆਂ ਦੇ ਮੂੰਹੋ

ਪੈਰ ਸਫਾ

◈ ਪਰ ਗਿਆਨੀ ਜੀ ਦੀ ਗਲਤੀ ਹੈ ਜਿਹੜਾ ਲਿਖਦੇ ਹਨ ਕਿ ਗੁਰੂ ਸਾਹਿਬ ਇਧਰੋਂ ਹੀ ਫਿਰ ਤਿੱਬਤ ਅਤੇ ਹਿਮਾਲੀਆ ਦੇ ਪਰਲੇ ਪਾਸਿਓ ਦੀ ਜਾ ਕੇ ਕੈਲਾਸ਼ ਪਰਬਤ ਪਹੁੰਚਦੇ ਹਨ। ਕਿਉਕਿ ਗਿਆਨੀ ਅਤੇ ਹੋਰ ਲਿਖਾਰੀ ਨੇਪਾਲ ਯਾਤਰਾ ਦੇ ਬਾਦ ਦੂਰ ਪੂਰਬ (ਸਿੰਘਾਪੁਰ ਮਲੇਸ਼ੀਆ) ਦੀ ਯਾਤਰਾ ਤੇ ਜਾਣਾ ਲਿਖ ਦਿੰਦੇ ਹਨ ਅਤੇ ਇਸ ਪ੍ਰਕਾਰ ਆਪਣੀ ਗਲ ਆਪੇ ਹੀ ਕੱਟ ਦਿੰਦੇ ਹਨ। ਇਸ ਕਰਕੇ ਅਸੀ ਉਹਨਾਂ ਇਤਹਾਸਕਾਰਾਂ ਨਾਲ ਸਹਿਮਤ ਹਾਂ ਜਿਹੜੇ ਮੰਨਦੇ ਹਨ ਕਿ ਕੈਲਾਸ਼ ਪਰਬਤ ਦੀ ਯਾਤਰਾ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਮੌਕੇ ਕੁੱਲੂ ਹਿਮਾਚਲ ਵਾਲੇ ਪਾਸਿਓ ਆ ਕੇ ਕੀਤੀ ਸੀ ਅਤੇ ਓਧਰੋਂ ਹੀ ਵਾਪਸ ਲੇਹ ਸਕਰਦੂ ਨੂੰ ਪਰਤੇ ਸਨ।

✚ ਪਰਬਤ ਆਰੋਹੀ ਕਮਾਂਡਰ ਐਮ ਐਸ ਕੋਹਲੀ (ਸਰੋਤਤ: ਤਿਰਲੋਚਨ)

ਅਤੇ ਕਰਨਲ ਐਨ ਐਸ ਈਸਰ ਸਰੋਤ ਪਪਪ-329

ਸੁਣਿਆ।✚

ਕਈ ਸਿੱਖ ਵਿਦਵਾਨ ਗੁਰੂ ਸਾਹਿਬ ਦੀ ਹਿਮਾਲੀਆ ਦੇ ਇਹਨਾਂ ਇਲਾਕਿਆ ਦੀ ਉਦਾਸੀ ਮੰਨਣ ਨੂੰ ਤਿਆਰ ਨਹੀ। ਉਹਨਾਂ ਦਾ ਕਹਿਣਾ ਹੈ ਕਿ ਲਾਮੇ 'ਗੁਰੂ' ਸ਼ਬਦ ਆਪਣੇ 8ਵੀ ਸਦੀ ਦੇ ਮਹਾਨ ਬੋਧੀ ਪ੍ਰਚਾਰਕ ਰਿਮਪੋਚੇ ਵਾਸਤੇ ਵਰਤਦੇ ਹਨ। ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਬੋਧੀ ਮੰਨਦੇ ਹਨ ਕਿ ਰਿਮਪੋਚੇ ਮੂਲ ਵਿਚ ਗੰਧਾਰ ਦੇਸ (ਰਾਵਲਪਿੰਡੀ ਇਲਾਕਾ) ਦਾ ਰਹਿਣ ਵਾਲਾ ਸੀ। ਪਰ ਫਿਰ ਵੀ ਲਾਮੇ ਬੋਧੀਆਂ ਦੇ ਮਨਾਂ ਵਿਚ ਅੰਮ੍ਰਿਤਸਰ ਬੈਠਣਾ ਸਾਫ ਸਬੂਤ ਹੈ ਕਿ ਗੁਰੂ ਨਾਨਕ ਦਾ ਸਬੰਧ ਇਸ ਇਲਾਕੇ ਨਾਲ ਹੈਗਾ। ਨਾਲੇ ਕੁਝ ਸਿੱਖ ਫੌਜੀਆਂ ਨੇ ਲਾਮਿਆਂ ਦੇ ਮੂੰਹੋ ਲਫਜ ਨਾਨਕ ਲਾਮਾ ਵੀ ਸੁਣਿਐ ਹੈ।✚

ਗੁਰੂ ਸ਼ਬਦ ਖਾਸ ਕਰਕੇ 8 ਵੀ ਸਦੀ ਦੇ ਰਿਮਪੋਚੇ ਵਾਸਤੇ ਵੀ ਵਰਤਿਆ ਜਾਂਦਾ ਹੈ। ਤਿਬਤੀ ਲੋਕਾਂ ਦਾ ਮੰਨਣਾ ਹੈ ਕਿ ਰਿਮਪੋਚੇ ਗੁਰੂ ਮੂਲ ਵਿਚ ਪੰਜਾਬੀ ਸੀ। ਇਸ ਕਾਰਨ ਗੁਰੂ ਰਿਮਪੋਚੇ ਅਤੇ ਗੁਰੂ ਨਾਨਕ ਬਾਬਤ ਇਹਨਾਂ ਸਿੱਧੇ ਸਾਧੇ ਬੋਧੀਆਂ ਨੂੰ ਭੰਬਲ ਭੂਸਾ ਵੀ ਪਿਆ ਹੋਇਆ ਹੈ। (ਵੇਖੋ ਸਫਾ 297 ਹਿਮਾਚਲ)

ਇਕ ਹੋਰ ਫੌਜੀ ਲਿਖਾਰੀ ਕਰਨਲ ਦਲਵਿੰਦਰ ਸਿੰਘ ਗ੍ਰੇਵਾਲ ਨੇ ਸਿੱਕਮ ਭੂਟਾਨ ਦੇ ਇਲਾਕਿਆ ਵਿਚ ਆਪਣੀ ਤਾਇਨਾਤੀ ਦੌਰਾਨ ਕਾਫੀ ਅਸਥਾਨ ਲੱਭੇ ਹਨ ਜਿਥੇ ਗੁਰੂ ਨਾਨਕ ਗਏ। ਪਰ ਬਦਕਿਸਮਤੀ ਨਾਲ ਇਸ ਲਿਖਾਰੀ ਨੇ ਰਿਮਪੋਚੇ/ਗੁਰੂ ਨਾਨਕ ਦੇ ਭੰਬਲ ਭੂਸੇ ਦੇ ਮਸਲੇ ਤੇ ਕੋਈ ਗਹਿਰੀ ਪਹੁੰਚ ਨਹੀ ਦਿਖਾਈ।

ਦਲਵਿੰਦਰ ਮੁਤਾਬਿਕ ਸਿੱਕਮ ਵਿਚ ਗੁਰੂ ਸਾਹਿਬ ਹੇਠ ਦਿਤੇ ਅਸਥਾਨਾਂ ਤੇ ਪਧਾਰੇ:◘

1. ਲਾਚੇਨ - ਇਥੇ ਗੁਰੂ ਸਾਹਿਬ ਨੂੰ ਮੁਕਾਮੀ ਰਾਜੇ ਨੇ ਚੋਲੇ ਦੇ ਰੂਪ ਵਿਚ ਖਿੱਲਤ ਬਖਸ਼ੀ। ਉਹ ਚੋਲਾ ਅਤੇ ਗੁਰੂ ਸਾਹਿਬ ਦਾ ਕਰਮੰਡਲ ਅੱਜ ਵੀ ਇਥੇ ਲਾਚੇਨ ਮੱਠ ਵਿਖੇ ਸਾਂਭਿਆ ਪਿਆ ਹੈ।

2. ਮੁੰਗੂਥਾਂਗ- ਇਥੇ ਗੁਰੂ ਸਾਹਿਬ ਨੇ ਲੋਕਾਈ ਨੂੰ ਦੇਆਂ ਤੋਂ ਬਚਾਇਆ ਜਿਹੜੇ ਕਾਬੂ ਆਏ ਇਨਸਾਨ ਨੂੰ ਖਾ ਜਾਂਦੇ ਸਨ।

3. ਗੁਰੂ ਡਾਂਗਮਾਰ (ਵਿਸਥਾਰ ਅੱਗੇ ਵੇਖੋ)

4. ਚੁੰਗਥਾਂਗ (ਵਿਸਥਾਰ ਅੱਗੇ ਵੇਖੋ)

5. ਥੰਗੂ- ਇਥੇ ਗੁਰੂ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਸੀ। ਅੱਜ ਉਹ ਪੱਥਰ ਅਲੋਪ ਹੈ ਕਿਉਕਿ ਸੜ੍ਹਕ ਬਣਾਉਣ ਵੇਲੇ ਬਰੂਦ ਨਾਲ ਉਡਾ ਦਿੱਤਾ ਗਇਆ ਸੀ। ਫਿਰ ਵੀ ਚਰਨਪਾਦੁਕਾ ਵਾਲਾ ਟੁਕੜਾ ਕਿਸੇ ਨੇ ਲੱਭ ਕੇ ਸਾਂਭਿਆ ਹੋਇਆ ਹੈ।

## ਚੁੰਗਥਾਂਗ –

ਗਿਆਨੀ ਜੀ ਅਨੁਸਾਰ ਗੁਰੂ ਸਾਹਿਬ ਧੁਮਰਾ (ਬਿਰਾਟ ਨਗਰ) ਤੋਂ ਪੂਰਬ ਸਿਲੀਗੁੜੀ ਨੂੰ ਜਾਂਦੇ ਨੇ ਤੇ ਜਿਥੇ ਅੱਜ ਦਾਰਜੀਲਿੰਗ ਹੈ ਉਥੇ ਵੀ ਕੋਈ ਮਸ਼ਹੂਰ ਬੋਧੀ ਜਾਂ ਜੋਗੀ ਮੱਠ ਸੀ ਜਿੰਨਾਂ ਨੂੰ ਨਿਰੰਕਾਰ ਦੀ ਅਰਾਧਨਾ ਦਾ ਉਪਦੇਸ਼ ਦੇ ਕੇ ਉਤਾਂਹ ਪਹਾੜਾਂ ਨੂੰ ਚੜ੍ਹਦੇ ਹਨ। ਦਾਰਜੀਲਿੰਗ ਤੋਂ ਕੋਈ 100 ਕਿ. ਮੀ ਦਾ ਪਹਾੜੀ ਪੈਂਡਾ ਤਹਿ ਕਰਕੇ ਗੰਗਟੋਕ ਪਹੁੰਚ ਬੋਧੀਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਦੇ ਨੇ। ਰਸਤੇ ਵਿਚ ਹੋਰ ਜੋ ਧਾਰਮਿਕ ਸਥਾਨ ਸਨ, ਜਾ ਕੇ, ਲੋਕਾਈ ਦਾ ਕਲਿਆਣ ਕਰਦੇ ਹਨ।

ਗੰਗਟੋਕ ਦੇ ਮੱਠਾਂ ਵਿਚ ਉਪਦੇਸ਼ ਕਰਨ ਉਪਰੰਤ ਉੱਤਰ ਦੀ ਯਾਤਰਾ ਜਾਰੀ ਰਖਦੇ ਨੇ ਤੇ ਚੁੰਗਥਾਂਗ ਨਾਂ ਦੇ ਸਥਾਨ ਤੇ ਜਿਥੇ ਬਿਰਾਜੇ ਹੋਏ ਸਨ ਉਥੇ ਨਾਲ ਹੀ ਚਟਾਨਾਂ ਵਿਚ ਪਾਣੀ ਦਾ ਚਸ਼ਮਾ ਜਾਰੀ ਕਰ ਦਿਤਾ। ਇਥੋਂ ਦੇ ਪਹਾੜੀ ਲੋਕਾਂ ਨੂੰ ਵੀ ਫਸਲ ਬੀਜਣ ਦਾ ਚੱਜ ਨਹੀ ਸੀ ਤੇ ਸਿਰਫ ਜੰਗਲੀ ਫਲਾਂ ਅਤੇ ਸ਼ਿਕਾਰ ਤੇ ਹੀ ਨਿਰਭਰ ਸਨ। ਇਹਨਾਂ ਨੂੰ ਖੇਤੀ ਦਾ ਵਲ ਸਿਖਾਇਆ। ਧਾਨ ਬੀਜਣਾ ਅਤੇ ਕੇਲੇ ਦੀ ਕਾਸ਼ਤ ਕਰਨੀ ਸਿਖਾਈ। ਇਥੇ ਇਕ ਉਹ ਦਰੱਖਤ ਵੀ ਹੈ ਜਿਹਦੀਆਂ ਟਹਿਣੀਆਂ ਟੇਢੀਆਂ ਮੇਢੀਆਂ ਹੁੰਦੀਆਂ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਰੁੱਖ ਗੁਰੂ ਸਾਹਿਬ ਦੀ ਖੂੰਡੀ ਦੀ ਯਾਦ ਦਿਵਾਉਂਦਾ ਹੈ।



ਚੁੰਗਥਾਂਗ - ਪਹਿਲਾਂ ਫੌਜੀਆਂ ਨੇ ਇਹ ਗੁਰਦੁਆਰਾ ਬਣਾਇਆ।

ਅਜੋਕੇ ਸਮੇਂ ਵਿਚ ਇਸ ਸਥਾਨ ਦੀ ਖੋਜ ਇਕ ਫੌਜੀ ਅਫਸਰ ਮੇਜਰ (ਬਾਦ ਵਿਚ ਕਰਨਲ) ਐਨ ਐਸ ਈਸਰ ਨੇ ਕੀਤੀ ਸੀ।● ਫਿਰ ਕੁਝ ਫੌਜੀਆਂ ਇਥੇ ਗੁਰਦੁਆਰਾ ਸਾਹਿਬ ਬਣਾ ਦਿਤਾ ਅਤੇ ਹੁਣ 10 ਕੁ ਸਾਲ



ਚੁੰਗਥਾਂਗ -ਅੱਜ ਕਾਰਸੇਵਾ ਵਾਲਿਆਂ ਨੇ ਹੋਰ ਵੀ ਸ਼ਾਨਦਾਰ ਗੁਰਦੁਆਰਾ ਬਣਾ ਕੇ ਬੋਧੀਆਂ ਨੂੰ ਹੋਰ ਵੀ ਚਿੜਾ ਦਿੱਤਾ ਹੈ।

ਫੁਟ ਨੋਟ

◘ https://www.sikhphilosophy.net/threads/guru-nanak-in-sikkim.50894/

⊙ ਗਿਆਨੀ -213-4

● ਕਰਨਲ ਐਨ ਐਸ ਈਸਰ ਸਰੋਤ ਪਪਪ-329

✚ https://www.youtube.com/watch?v=OIohDXqz-Kw

ਪਹਿਲਾਂ ਦਿੱਲੀ ਵਾਲੇ ਕਾਰ ਸੇਵਕ ਬਾਬਾ ਹਰਬੰਸ ਸਿੰਘ ਹੁਰਾਂ ਖੂਬਸੂਰਤ ਗੁਰਦੁਆਰਾ ਇਮਾਰਤ ਬਣਾ ਦਿੱਤੀ ਹੈ।

ਹੁਣ ਇਸ ਥਾਂ ਤੇ ਵੀ ਆਰ ਐਸ ਐਸ ਦੀ ਸਾਜਿਸ਼ ਤਹਿਤ ਬੋਧੀ ਕਬਜਾ ਕਰਵਾਉਣ ਦੀਆਂ ਤਿਆਰੀਆਂ ਨੇ। ਇਹ ਵੀ ਹੋ ਸਕਦਾ ਇਸ ਲਿਖਤ ਦੇ ਛਪਣ ਤਕ ਕਬਜਾ ਹੋ ਵੀ ਚੁੱਕਾ ਹੋਵੇ।

## ਗੁਰਦੁਆਰਾ ਗੁਰੂ ਡਾਂਗਮਾਰ ਝੀਲ, ਸਿੱਕਮ•

ਕੰਚਨਜੁੰਗਾ ਪਹਾੜੀਆਂ ਦੇ ਥੱਲੇ ਭਾਵ 17000 ਫੁੱਟ ਦੀ ਉਚਾਈ ਤੇ ਇਕ ਝੀਲ ਹੈ ਡਾਂਗਮਾਰ ਜਿਥੋਂ ਤੀਸਤਾ ਨਦੀ ਨਿਕਲਦੀ ਹੈ। ਇਹ ਝੀਲ ਅਜਿਹੇ ਸਥਾਂਨ ਤੇ ਹੈ ਜਿਥੇ ਤਾਪਮਾਨ ਕਦੀ ਮਨਫੀ 40 ਡਿਗਰੀ ਤਕ ਵੀ ਪਹੁੰਚ ਜਾਂਦਾ ਹੈ। ਕੁਦਰਤੀ ਹੈ ਕਿ ਝੀਲ ਸਾਰਾ ਸਾਲ ਜੰਮੀ ਰਹਿੰਦੀ ਹੈ। ਪਰ ਇਸ ਝੀਲ ਦਾ ਇਕ ਹਿੱਸਾ ਅਜਿਹਾ ਵੀ ਹੈ ਜਿਥੋਂ ਸਾਰਾ ਸਾਲ ਪਾਣੀ ਨਹੀ ਜੰਮਦਾ।

ਪਿਛਲੇ 80 ਵੇ ਦਹਾਕੇ ਵਿਚ ਜਦੋਂ ਸਿੱਖ ਫੌਜੀ ਜਵਾਨ ਇਥੇ ਤਾਇਨਾਤ ਸਨ ਤਾਂ ਮੁਕਾਮੀ ਲਾਮਿਆਂ ਨੇ ਉਹਨਾਂ ਨੂੰ ਦੱਸਿਆ ਕਿ ਝੀਲ ਦੇ ਇਸ ਪਾਸੇ ਦਾ ਨਾਂ ਜੰਮਣਾ ਗੁਰੂ ਨਾਨਕ ਦੇ ਵਰ ਕਰਕੇ ਹੈ। ਉਹਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਇਸ ਇਲਾਕੇ ਵਿਚ ਜਦੋਂ ਆਏ ਤਾਂ ਸਥਾਨਕ ਲੋਕਾਂ ਨੇ ਸਾਹਿਬ ਅੱਗੇ ਬੇਨਤੀ ਕੀਤੀ ਕਿ ਪੀਣ ਵਾਲੇ ਪਾਣੀ ਦੀ ਵੱਡੀ ਕਿੱਲਤ ਹੈ। ਝੀਲ ਤਾਂ ਬਹੁਤਾ ਸਮਾਂ ਜੰਮੀ ਹੀ ਰਹਿੰਦੀ ਹੈ। ਕਿਹਾ ਜਾਂਦਾ ਹੈ ਉਦੋਂ ਫਿਰ ਗੁਰੂ ਸਾਹਿਬ ਬਰਫ ਤੇ ਆਪਣੇ ਹੱਥ ਵਿਚ ਲਈ ਜਦੋਂ ਡਾਂਗ ਮਾਰੀ ਤਾਂ ਓਥੇ ਪਾਣੀ ਹੀ ਪਾਣੀ ਸੀ। ਕਿਹਾ ਜਾਂਦਾ ਹੈ ਕਿ ਓਦੋਂ ਤੋਂ ਲੈ ਕੇ ਫਿਰ ਝੀਲ ਦਾ ਇਹ ਹਿੱਸਾ ਕਦੀ ਨਹੀ ਜੰਮਿਆ। ਇਸ ਅਸਥਾਨ ਦਾ ਨਾਂ ਹੈ ਗੁਰੂ ਡਾਂਗਮਾਰ (ਨਕਸ਼ਾ ਸੂਚਕ 28.03559, 88.711717)

ਜਦੋਂ ਸਿੱਖ ਫੌਜੀਆਂ ਇਹ ਗਲ ਸੁਣੀ ਤਾਂ ਉਥੇ ਇਕ ਅਸਥਾਈ



ਕਿਸੇ ਵੇਲੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ। ਫਿਰ ਇਸਨੂੰ ਸਰਬ ਧਰਮ ਅਸਥਾਨ ਬਣਾਇਆ ਤੇ ਅੱਜ ਨਿਰੋਲ ਬੋਧੀ ਮੱਠ ਬਣ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਅਗਲਿਆਂ ਕੱਢ ਕੇ ਚੁੰਗਥਾਂਗ ਵਿਖੇ ਸੜਕ ਤੇ ਰੱਖ ਦਿੱਤਾ ਸੀ।

ਢਾਂਚਾ ਬਣਾ, ਨਿਸ਼ਾਨ ਸਾਹਿਬ ਗੱਡ ਦਿਤਾ। 1990 ਦੇ ਦਹਾਕੇ ਵਿਚ ਫਿਰ ਫੌਜੀਆਂ ਉਥੇ ਗੁਰਦੁਆਰਾ ਸਾਹਿਬ ਬਣਾ ਕੇ ਪ੍ਰਕਾਸ਼ ਕਰ ਦਿੱਤਾ। ਇਸ ਸਭ ਵਿਚ ਇਕ ਸਿੱਖ ਫੌਜੀ ਕਰਨਲ ਦਲਵਿੰਦਰ ਸਿੰਘ ਗ੍ਰੇਵਾਲ ਦਾ ਚੋਖਾ ਯੋਗਦਾਨ ਪੜ੍ਹੀਦਾ ਹੈ ਜਿਸ



ਗੁਰੂ ਡਾਂਗਮਾਰ ਝੀਲ, ਸਿੱਕਮ ਜਿਸ ਦਾ ਇਕ ਨੁੱਕਰ ਦਾ ਪਾਣੀ ਕਦੀ ਨਹੀ ਜੰਮਦਾ।

ਮੁਤੱਲਕ ਉਹਨਾਂ ਕਿਤਾਬਾਂ ਵੀ ਲਿਖੀਆਂ ਹੋਈਆ ਹਨ।

1997 ਵਿਚ ਫਿਰ ਇਸ ਅਸਥਾਨ ਨੂੰ ਸਰਬ ਧਰਮ ਸਥਾਨ ਵਿਚ ਤਬਦੀਲ ਕਰ ਦਿੱਤਾ ਗਇਆ। ਓਦੋਂ ਫਿਰ ਸਰਕਾਰ ਪੱਖੀ ਸਿੱਖਾਂ ਨੇ ਇਸ ਕਦਮ ਨੂੰ ਸਲਾਹਿਆ। ਉਹਨਾਂ ਨੂੰ ਇਸ ਗਲ ਦਾ ਅਹਿਸਾਸ ਹੀ ਨਹੀ ਸੀ ਕਿ ਇਕ ਮਿਆਨ ਵਿਚ ਦੋ ਤਿੰਨ ਤਲਵਾਰਾਂ ਕਦੀ ਨਹੀ ਸਮਾ ਸਕਦੀਆਂ। ਜਦੋਂ ਫਿਰ ਓਥੇ ਹਿੰਦੂ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਤਾਂ ਸਥਾਨਕ ਲਾਮੇ ਵੀ ਜਾਗ ਉਠੇ। ਓਧਰ 1984 ਦੀਆਂ ਘਟਨਾਵਾਂ ਕਰਕੇ ਸਿੱਖਾਂ ਖਿਲਾਫ ਨਫਰਤ ਤਾਂ ਭਰੀ ਹੀ ਜਾ ਰਹੀ ਸੀ। ਏਸੇ ਗਰੇਵਾਲ ਦੀ ਦਿੱਤੀ ਇੰਟਰਵਿਊ ਮੁਤਾਬਿਕ ਫਿਰ ਦਿੱਲੀ ਦੀ ਕਿਸੇ ਗੁਪਤ ਜਥੇਬੰਦੀ ਨੇ ਲਾਮਿਆਂ ਨੂੰ ਸਿੱਖਾਂ ਖਿਲਾਫ ਭੜਕਾਅ ਦਿਤਾ।*** ਫਿਰ ਅਪ੍ਰੈਲ 2019 ਨੂੰ ਇਸ ਸਰਬ ਧਰਮ ਅਸਥਾਨ ਵਿਚੋਂ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਚੁੰਗਥਾਂਗ ਗੁਰਦੁਆਰੇ ਦੇ ਲਾਗੇ ਸੜਕ ਤੇ ਲਿਆ ਰੱਖ ਦਿਤਾ।

ਉਪਰੰਤ ਸਿੱਖਾਂ ਦੀ ਡਾਂਗਮਾਰ ਝੀਲ ਤੇ ਆਉਣ ਤੇ ਪਾਬੰਦੀ ਲਾ ਦਿਤੀ ਗਈ। ਇਸ ਵਕਤ ਇਸ ਥਾਂ ਤੇ ਸਿਰਫ ਬੋਧੀ ਅਸਥਾਨ ਹੀ ਹੈ।

**ਭੂਟਾਨ** - ਗੁਰੂ ਸਾਹਿਬ ਦਾ ਭੂਟਾਨ ਦੀ ਰਾਜਧਾਨੀ ਥਿੰਪੂ ਵਿਖੇ ਜਾਣਾ ਤੇ ਉਥੇ ਸ਼ਬਦ ਰਚਨਾ ਅਤੇ ਰਾਜੇ ਨੂੰ ਗਿਆਨ ਦੇਣਾ ਗਿਆਨੀ ਨੇ ਲਿਖਿਆ ਹੈ।⊙ (ਵੇਖੋ ਪੈੜ ਅਗਲਾ ਸਫਾ) ਭਾਵ ਭੂਟਾਨ ਫੇਰੀ ਗਿਆਨੀ ਤੋਂ ਬਾਦ ਖੋਜ ਅੱਗੇ ਨਹੀ ਚਲੀ। ਉਂਜ ਇੰਟਰਨੈੱਟ ਤੇ ਗੁਰੂ ਸਾਹਿਬ ਦੀ ਹੋਰ ਥਾਵਾਂ ਤੇ ਆਮਦ ਬਾਰੇ ਜਿਕਰ ਮਿਲਦੇ ਹਨ। ਮਿਸਾਲ ਦੇ ਤੌਰ ਤੇ:

**ਭੂਤਨ** - ਇਹ ਸਥਾਨ ਤਿੱਬਤ-ਭੂਟਾਨ ਸਰਹੱਦ ਤੇ 18223 ਫੁੱਟ

ਪੈੜ ਸਫਾ

- http://sikhsangat.org/2014/sikhs-to-restore-guru-nanak-sahib-gurdwara-in-nepal/
- https://www.theweek.in/theweek/cover/2018/04/14/gurudongmar-gurdwara-in-sikkim-converted-into-a-buddhist-shrine.html
- https://www.sikhphilosophy.net/threads/guru-nanak-in-sikkim.50894/
https://www.youtube.com/watch?v=OIohDXqz-Kw

ਉਚਾਈ ਤੇ ਹੈ। ਇਥੇ ਇਕ ਛੋਟਾ ਜਿਹਾ ਤਲਾਬ ਜਾਂ ਝੀਲ ਗੁਰੂ ਕੰਭ ਜਾਂ ਗੁਰੂ ਕੁੰਭ ਹੈ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਹੈ ਕਿ ਇਸ ਦਾ ਪਾਣੀ ਵੀ ਨਹੀ ਜੰਮਦਾ ਅਤੇ ਇਸ ਕਰਕੇ ਲੋਕਾਂ ਦੇ ਪੀਣ ਦੇ ਕੰਮ ਆਉਦਾ ਹੈ।◘

**ਵਾਪਸੀ–**

ਸੋ ਗੁਰੂ ਸਾਹਿਬ ਪਟਨਾ ਤੋਂ ਲਾਲਗੰਜ, ਵੈਸ਼ਾਲੀ, ਕੇਸਾਰੀਆ, ਅੱਜ ਦੇ ਬੀਰਗੰਜ ਹੁੰਦੇ ਹੋਏ ਨੇਪਾਲ ਵਿਚ ਵੜੇ। ਕਾਠਮੰਡੂ ਤਕ ਗਏ ਅਤੇ ਵਾਪਸੀ ਤੇ ਜਨਕਪੁਰ ਦਾ ਇਲਾਕਾ ਗਾਹਿਆ। ਫਿਰ ਬਿਰਾਟ ਨਗਰ, ਸਿੱਲੀਗੁੜੀ, ਦਾਰਜੀਲਿੰਗ ਪਾਸਿਓ ਉਤਾਂਹ ਸਿੱਕਮ ਵਲ ਗਏ, ਵਾਪਸ ਆਉਦਿਆਂ ਭੂਟਾਨ ਦੇ ਕੁਝ ਮੱਠ ਦੇਖੇ ਤੇ ਫਿਰ ਧੁਬੜੀ ਪਹੁੰਚੇ। ਓਥੋਂ ਫਿਰ ਬ੍ਰਹਮਪੁਤ੍ਰ ਦੇ ਨਾਲ ਨਾਲ ਹੁੰਦੇ ਹੋਏ ਬ੍ਰਹਮਕੁੰਡ ਤਕ ਗਏ ਅਤੇ ਵਾਪਸ ਨਾਗਾਲੈਂਡ ਹੁੰਦੇ ਹੋਏ ਬੰਗਾਲ ਦੇ ਸ਼ਹਿਰ ਗਾਹੁੰਦੇ ਚਿੱਟਾਗਾਂਗ ਪਹੁੰਚੇ।

—▲—

ਪੈੜ ਸਫਾ

## ◉ ਨੇਪਾਲ, ਭੂਟਾਨ, ਸਿੱਕਮ ਬਾਰੇ ਤਵਾਰੀਖ ਗੁਰੂ ਖਾਲਸਾ (ਸਫਾ 213 ਤੋਂ 220) ਦਾ ਨਜਰੀਆ

ਕਿਹਾ ਜਾਂਦਾ ਕਿ ਗਿਆਨੀ ਜੀ ਖੁਦ ਨੇਪਾਲ ਵੀ ਆਏ ਸਨ। ਪਰ ਨੇਪਾਲ ਉੱਤਰ-ਪੂਰਬ ਬਾਰੇ ਉਹਨਾਂ ਦੀ ਰਿਪੋਰਟ ਕਿਤੇ ਕਿਤੇ ਧਰਾਤਲੀ ਨਕਸ਼ਾ (ਟੋਪੋਗ੍ਰਾਫੀ) ਨੂੰ ਨਜਰਅੰਦਾਜ਼ ਕਰਦੀ ਨਜਰ ਆਉਦੀ ਹੈ। ਗਿਆਨੀ ਜੀ ਦੀ ਲਿਖਤ ਹੇਠਾਂ ਪੇਸ਼ ਕੀਤੀ ਜਾਂਦੀ ਹੈ। ਗਿਆਨੀ ਦੇ ਦਿਤੇ ਸਥਾਨਾਂ ਦੇ ਨਾਵਾਂ ਵਿਚ ਕਿਤੇ ਫਰਕ ਵੀ ਹੈ। ਅਸਾਂ ਉਹ ਥਾਵਾਂ ਪਛਾਨਣ ਦੀ ਕੋਸ਼ਿਸ਼ ਕੀਤੀ ਹੈ ਅਤੇ ਥਾਵਾਂ ਤੇ ਸਾਡੀ ਵਿਆਖਿਆ ਅਤੇ ਟਿੱਪਣੀ, ਬ੍ਰੈਕਟਾਂ ਵਿਚ ਦਿਤੀ ਗਈ ਹੈ।:

--(ਨੇਪਾਲ ਅਤੇ ਮਿਥਿਲਾ ਇਲਾਕਿਆਂ ਬਾਰੇ ਲਿਖਤ ਪਿਛੇ ਆ ਚੁੱਕੀ ਹੈ) ---

ਅੱਗੇ ਧੋਮਰੀ ਦਾ ਕਿਲਾ ਤੇ ਸ਼ਿਵਪੁਰ ਨੂੰ ਦੇਖਕੇ ਬ੍ਰਹਮਕੁੰਡ ਦੇ ਮੇਲੇ ਪਰ ਜਾ ਫਿਰੇ। ਉਥੋਂ ਦੇ ਲੋਕ ਜੱਖਾਂ ਦੀ ਪੂਜਾ ਕਰਦੇ ਸੇ। ਗੁਰੂ ਜੀ ਨੇ ਸਭ ਨੂੰ ਪ੍ਰਮੇਸ਼ਵਰ ਪ੍ਰਾਇਣ ਕੀਤਾ। ਸੋ ਹੁਣ ਤਕ ਨਾਨਕ ਰਿਖੀ ਨੂੰ ਮੰਨਦੇ ਹਨ। {ਇਕ ਡੁਮਰੀ ਤਾਂ ਚਤਾਰੀ ਦੇ ਰਾਹ ਵਿਚ ਭਾਵ 9 ਕਿ. ਮੀ. ਉੱਤਰ ਪੂਰਬ ਵਿਚ ਹੈ। ਜਾਂ ਫਿਰ ਹੋ ਸਕਦੇ ਧੋਮਰੀ ਤੋਂ ਮਤਲਬ ਧੁਮਰਾਹ ਹੈ ਜੋ ਸੁੰਨਸਾਰੀ ਜਿਲੇ ਵਿਚ ਕੋਸੀ ਨਦੀ ਦੇ ਕੰਢੇ ਤੇ ਹੈ।

ਅਸਾਂ ਧੁਮਰਾਹ (ਸੂਚਕ ਨਕਸ਼ਾ 26.766510, 87.136304) ਅਤੇ ਡੁਮਰੀ (ਸੂਚਕ ਨਕਸ਼ਾ 26.928172, 86.211695) ਦੋਵੇ ਨਕਸ਼ੇ ਤੇ ਦਿਖਾ ਦਿਤੇ ਹਨ।

ਸ਼ਿਵਪੁਰ ਤੋਂ ਮਤਲਬ ਸਿਬਸਾਗਰ (ਸਿਬਸਾਗਰ) ਅਸਾਮ ਹੈ ਤੇ ਜਦੋਂ ਕਿ ਬ੍ਰਹਮ ਕੁੰਡ ਧੁਰ ਪੂਰਬ ਅਸਾਮ ਵਿਚ ਹੈ ਜਿਹਦੀ ਕਥਾ ਪਰਸਰਾਮ ਨਾਲ ਮਿਲਦੀ ਹੈ। ਬ੍ਰਹਮਕੁੰਡ ਬ੍ਰਾਹਕਸ਼ੇਤਰ ਤੋਂ ਸੜਕ ਰਸਤੇ 1254 ਕਿ. ਮੀ ਹੈ।}

ਏਦੂ ਅੱਗੇ ਲਖਮ ਪੁਰ ਨੂੰ ਦੇਖ ਪਲਟੀ ਝੀਲ ਦੇ ਕਿਨਾਰੇ ਕਿਨਾਰੇ ਹਵੇਲ ਖਾਂਚੀ ਦੇ ਪਰਬਤਾਂ ਨੂੰ ਲੰਘਦੇ ਹੋਏ ਕ੍ਰਿਸ਼ਨਾ ਤਾਲ ਧੌਲਗੜ੍ਹ ਹੁੰਦੇ ਹੋਏ ਫੱਗਣ ਦੇ ਮਹੀਨੇ ਸੰਮਤ 1572 ਬਿ. ਵਿਚ ਸ਼ਹਿਰ ਖਟਮੰਡੂ ਜਾ ਉਤਰੇ। (ਇਥੇ ਗਿਆਨੀ ਜੀ ਦਾ ਲਖਮਪੁਰ ਤੋਂ ਭਾਵ ਲਖੀਮਪੁਰ ਅਸਾਮ ਹੈ। 1900 ਈ. ਦੇ ਆਸ ਪਾਸ ਅੰਗਰੇਜਾਂ ਦੇ ਭਾਰਤ ਵਿਚ ਲਖੀਮਪੁਰ ਰਿਆਸਤ ਮਸ਼ਹੂਰ ਸੀ। ਧੌਲਗੜ੍ਹ ਤੋਂ ਭਾਵ ਅਸਾਮ ਦਾ ਗੜ੍ਹ ਦੌਲ ਹੈ ਜੋ ਤੇਜਪੁਰ ਹਵਾਈ ਅੱਡੇ ਤੋਂ 6 ਕਿ. ਮੀ ਦੱਖਣ ਤੇ ਵਾਕਿਆ ਹੈ। ਪਲਟੀ ਝੀਲ, ਕ੍ਰਿਸ਼ਨਾ ਤਾਲ ਵੀ ਪਤਾ ਨਹੀ ਕਿਹਨੂੰ ਕਹਿ ਗਏ ਹਨ। ਅੱਜ ਸਾਡੇ ਕੋਲ ਇਨਾਂ ਸੂਬਿਆਂ ਦੀਆਂ ਝੀਲਾਂ ਦੀ ਲਿਸਟ ਮੌਜੂਦ ਹੈ ਪਰ ਇਹ ਨਾਂ ਕਿਤੇ ਨਹੀ ਮਿਲਦੇ। ਗਿਆਨੀ ਜੀ ਇਥੇ ਨੇਪਾਲ ਦੇ ਨਾਲ ਅਸਾਮ ਦੇ ਇਲਾਕੇ ਰਲਗੱਡ ਕਰ ਗਏ ਹਨ।)

ਇਥੋਂ ਅੱਗੇ ਨੈਪਾਲੀ ਮੁਲਕ ਦਾ ਸੈਲ ਕਰਦੇ ਹੋਏ ਦਰਿਆਇ ਟੇਲੀਆ ਉਤਰ ਕਰ ਲਲਤਾਪੱਟੀ ਦਾ ਦੇਸ ਜੋ ਖਰਾ ਸੁੰਦਰ ਮੈਦਾਨ ਹੈ ਜਾ ਦੇਖਿਆ। ਏਸ ਦੇਸ ਵਿਚ ਸੁਨੈਹਰੀ ਰੰਗ ਦਾ ਪੱਥਰ ਹੈ ਜੋ ਜਨਮ ਸਾਖੀ ਵਿਚ ਲਿਖਿਆ ਹੈ। ਮਰਦਾਨੇ ਨੇ ਆਖਿਆ ਅਸੀ ਤਾਂ ਸੋਇਨੇ ਨੂੰ ਲਤਾੜ ਰਹੇ ਹਾਂ। ਓਸ ਰੰਗ ਦਾ ਪੱਥਰ ਕਿਸੇ ਕਿਸੇ ਥਾਂ ਅੰਮ੍ਰਿਤਸਰ ਦਰਬਾਰ ਸਾਹਿਬ ਜਿਹੀਆ ਇਮਾਰਤਾਂ ਵਿੱਚ ਲੱਗਾ ਹੋਇਆ ਹੈ।..(ਇਥੇ ਸ਼ਾਇਦ ਲਲਿਤਪੁਰ ਤੋਂ ਹੇਠਾਂ ਦੱਖਣ-ਪੂਰਬ ਦੀ ਪੱਟੀ ਦੀ ਗਲ ਕਰ ਰਹੇ ਹਨ। ਟੇਲੀਆ ਨਾਂ ਦਾ ਦਰਿਆ ਨਹੀ ਲੱਭਾ ਸਾਨੂੰ।)

ਉਸ ਤੋਂ ਅੱਗੇ ਸਿਕਮ ਦੇਸ ਤਾਮਲੰਗ ਸ਼ਹਿਰ ਜੋ ਉਥੋਂ ਦੀ ਰਾਜਧਾਨੀ ਹੈ ਓਸ ਦੇ ਉਤ੍ਰ ਵੰਨੀ ਇਕ ਪਹਾੜੀ ਪਰ ਜਾ ਬੈਠੇ। (ਗੰਗਟੋਕ ਬਾਰੇ ਗਲ ਕਰ ਰਹੇ ਹਨ।) ਮਰਦਾਨੇ ਨੇ ਰਬਾਬਾ ਵਜਾਯਾ ਤੇ ਸ਼ਬਦ ਗਾਇਆ ਤਾਂ ਕਈ ਆਦਮੀਆਂ ਦੀ ਭੀੜ ਇਕੱਠੀ ਹੋ ਗਈ।.. ਗੁਰੂ ਜੀ ਦੇ ਸ਼ਬਦ ਦੀ ਸ਼ਕਤੀ ਨੂੰ ਦੇਖ ਕੇ ਓਥੋਂ ਦਾ ਰਾਜਾ ਭੀ ਸੇਵਕ ਬਣ ਗਿਆ। ਓਥੋਂ ਦੇ ਵਪਾਰੀ ਸੰਮਤ 1943 ਬਿ. (1886 ਈ.) ਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਆਏ ਸੇ ਤਾਂ ਉਹਨਾਂ ਨੇ ਇਹ ਪ੍ਰਸੰਗ ਸੁਨਾਯਾ ਸੀ।

ਇਥੋਂ ਦਾਰਜੀਲੰਗ, ਚੰਗਾ ਨਾਮ ਬਸਤੀਆਂ ਨੂੰ ਦੇਖ ਕੰਚਨ ਪਰਬਤ ਨੂੰ ਲੰਘ ਅਨੇਕ ਬਸਤੀਆਂ ਪਹਾੜਾ ਦਾ ਝਾਕਾ ਲੈ ਭੋਟਾਨ ਦੇਸ ਵਿਚ ਪ੍ਰਵੇਸ਼ ਕੀਤਾ। ਸ਼ਹਿਰ ਅਮਲੰਗ ਤੇ ਤਾਸਗਾਊ ਜੋ ਗਾਰੂ ਕੁੰਭੇ ਦੇਸ ਵਿਚ ਉਘੇ ਹਨ ਓਥੋਂ ਦੇ ਬਾਸ਼ਿੰਦਿਆਂ ਨੂੰ ਮੜ੍ਹੀਆਂ ਸੇਉਣੋਂ ਤੇ ਮੁਰਦਿਆਂ ਦੇ ਨਾਮ ਪੂਜਣੋਂ ਹਟਾ ਕਰ ਪ੍ਰਮੇਸ਼ਵਰ ਦਾ ਭਜਨ ਕਰਨ ਲਾਯਾ।ਓਹ ਲੋਗ ਗੁਰਪ੍ਰਨਾਲੀ ਵਾਗੂੰ ਸਵੇਰੇ ਉਠਕੇ ਆਪਣੇ ਵਡਿਆ ਦੇ ਨਾਮ ਗਿਣਦੇ ਰਹਿੰਦੇ ਸੇ। (ਦਾਰਜੀਲਿੰਗ ਸ਼ਹਿਰ 19 ਵੀ ਸਦੀ ਵਿਚ ਹੀ ਵਸਾਇਆ ਗਿਆ ਸੀ। ਪਰ ਇਸ ਇਲਾਕੇ ਵਿਚ ਕੋਈ ਮੱਠ ਹੋਵੇਗਾ। ਚੰਗਾ ਬਸਤੀ ਤੋਂ ਭਾਵ ਚੁੰਗਥਾਂਗ ਇਲਾਕਾ ਹੈ 27.603802, 88.649825। ਗਾਰੋ ਨਾਂ ਦਾ ਕਬੀਲਾ ਤੇ ਪਹਾੜੀਆ ਮੇਘਾਲਿਆ ਵਿਚ ਹਨ: ਗੁਆਲਪਾੜਾ ਤੋਂ ਦੱਖਣ ਕੁਝ ਭਾਗ ਅਸਾਮ ਨਾਗਾਲੈਂਡ ਤਿਰੀਪੁਰਾ ਦਾ ਇਸ ਹਿੱਸੇ ਆਉਦਾ ਹੈ। ਕਹਿ ਸਕਦੇ ਹਾਂ ਕਿ ਇਸ ਦਾ ਕੇਂਦਰ ਧੁਬਰੀ (ਅਸਾਮ) ਹੀ ਹੈ। ਤਾਸਗਾਓ ਤੋਂ ਭਾਵ ਭੁਟਾਨ ਦਾ ਤਰਾਸ਼ੀਗਾਂਗ ਹੈ ਜੋ ਭੁਟਾਨ ਦੇ ਪੂਰਬੀ ਭਾਗ ਵਿਚ ਹੈ। ਕੰਚਨ ਪਰਬਤ ਤੋਂ ਭਾਵ ਦੁਨੀਆ ਦੀ ਪ੍ਰਸਿੱਧ ਕੰਚਨਜੁੰਗਾ ਪਹਾੜੀ ਹੈ। ਅਮਲੰਗ ਤੋਂ ਭਾਵ ਪੁਨਾਖਾ ਦਜ਼ਾਂਗ ਹੋ ਸਕਦਾ ਹੈ।)

ਏਥੋਂ ਚਲ ਤਾਸੀ ਸੁਡਨ ਨਾਮ ਸ਼ਹਿਰ ਜੋ ਏਥੋਂ ਦੀ ਰਾਜਧਾਨੀ ਜਾ ਉਤਰੇ।ਹਰਵਰਖ ਖੰਡ ਭੀ ਏਸੇ ਦੇਸ ਦਾ ਨਾਮ ਹੈ।(ਗਿਆਨੀ ਜੀ ਦਾ ਇਸ ਤੋਂ ਮਤਲਬ ਥਿੰਪੂ ਹੈ ਕਿਉਕਿ ਓਥੇ ਤਾਸ਼ੀਛੋ ਨਾਂ ਦਾ ਮਸ਼ਹੂਰ ਕਿਲਾ ਤੇ ਮੱਠ ਹੈ) ਏਥੋਂ ਦਾ ਰਾਜਾ ਭੀ ਬਾਬਾ ਜੀ ਦੀ ਮਹਿਮਾ ਸ਼ਕਤੀ ਸੁਣ ਕੇ ਦਰਸ਼ਨਾਂ ਨੂੰ ਆਇਆ ਤਾਂ ਬਾਬਾ ਜੀ ਨੇ ਇਹ ਸ਼ਬਦ ਉਚਾਰਿਆ:

**ਸਿਰੀਰਾਗੁ ਮਹਲਾ ੧ ਘਰੁ ੨ ॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥ ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥**

ਸ਼ਬਦ ਸੁਣਕੇ ਰਾਜੇ ਦਾ ਮਨ ਗਦ ਗਦ ਹੋ ਗਿਆ ਤੇ ਵਾਹਿਗੁਰੂ ਵਾਹਿਗੁਰੂ ਜਪਣ ਲੱਗਾ।

ਓਸੇ ਦੇਸ ਅਸਕਰੋਦੇ ਸ਼ਹਿਰ ਵਿਚ ਇਕ ਧਰਮਸਾਲਾ ਤੇ ਮੂਰਤਿ ਬਾਬੇ ਨਾਨਕ ਤਪੇ ਦੀ ਹੈ, ਜਿਸ ਅਗੇ ਓਥੋਂ ਦਾ ਰਾਜਾ ਹੱਥ ਜੋੜਕੇ ਬੈਠਾ ਹੋਇਆ ਹੈ।(ਅਸਕਰੋਦੇ ਨਾਂ ਦਾ ਪਿੰਡ ਜਾਂ ਸ਼ਹਿਰ ਅਸੀ ਭੂਟਾਨ ਵਿਚ ਨਹੀ ਲੱਭ ਸਕੇ। ਉਂਜ ਉਸਕ ਨਾਂ ਕਸਬਾ ਭੂਟਾਨ ਦੇ ਦਗਾਨਾ ਜਿਲੇ ਵਿਚ ਮੌਜੂਦ ਹੈ। ਪਰ ਇਸ ਦਾ ਇਤਹਾਸ ਨਹੀ ਲੱਭ ਸਕੇ।

ਇਹ ਵੀ ਹੋ ਸਕਦਾ ਗਿਆਨੀ ਜੀ ਇਥੇ ਕਸ਼ਮੀਰ (ਪਾਕਿਸਤਾਨ) ਦੇ ਸਕਰਦੂ ਸ਼ਹਿਰ ਦੀ ਗਲ ਕਰ ਰਹੇ ਹੋਣ।)

ਏਥੋਂ ਚਲ ਸਾਂਪੂ ਨਦੀ ਦੇ ਕਿਨਾਰੇ ਕਿਨਾਰੇ ਮੁਲਕ ਦਾ ਸੈਲ ਕਰਦੇ ਹੋਏ ਚੰਬਯਾਲ ਤੇ ਦੋਮੁਖੀਏ ਪਰਬਤ ਦੇ ਵਿਚਦੀ ਚੀਨ ਦੇ ਮੁਲਕ ਵਿਚ ਜਾ ਨਿਕਲੇ।

ਪੈੜ ਅਗਲੇ ਸਫੇ ਤੇ **ਚਲਦਾ** ➡

ਪਿਛੇ ਦੀ ਬਾਕੀ (ਸਾਨੂੰ ਭੂਟਾਨ ਵਿਚ ਸਾਂਪੂ ਨਾਂ ਦੀ ਨਦੀ ਨਹੀ ਮਿਲੀ। ਥੈਰ ਗਿਆਨੀ ਜੀ ਦਾ ਮਤਲਬ ਹੈ ਕਿ ਇਸ ਤੋਂ ਬਾਦ ਗੁਰੂ ਜੀ ਉੱਤਰ ਪਾਸੇ ਨੂੰ ਜਾ ਚੀਨ ਵਿਚ ਦਾਖਲ ਹੋਏ।)

ਜਨਮ ਸਾਖੀ ਵਿਚ ਜੋ ਅਲਾਲਾਚੀਨਾਂ ਦਾ ਮੇਲਾ ਲਿਖਯਾ ਹੈ ਸੋ ਚੀਨ ਦੇ ਪਰਬਤਾਂ ਵਿੱਚ ਕੋਈ ਅਲਾਲਾਚੀਨ ਕੋਈ ਕੌਮ ਜਾਨਵਰਾਂ ਵਰਗੀ ਹੋਵੇਗੀ।.....(ਅਲਲਾਚੀਨ ਪੰਜਾਬੀਆਂ ਵਾਸਤੇ ਨੇਪਾਲ ਦਾ ਪੁਰਾਣਾ ਨਾਂ ਹੈ। )

ਓਥੋਂ ਅੱਗੇ ਸਿੰਘਾਪੁਰ ਵਿਚ (ਜਿਥੇ ਹੁਣ ਬਹੁਤ ਸਿੱਖ ਅਤੇ ਗੁਰਦੁਆਰਾ ਬਾਬੇ ਦਾ ਹੈ) ਜਾ ਰਹੇ ਤੇ ਓਥੋਂ ਦੇ ਲੋਗਾਂ ਨੂੰ ਮੁਰਦੇ ਪੂਜਣੋਂ ਹਟਾਕੇ ਪ੍ਰਮੇਸ਼ਵਰ ਦੀ ਭਗਤੀ ਕਰਨ ਲਾਯਾ ਤੇ ਓਥੋਂ ਤਿੱਬਤ ਵੰਨੀ ਤੁਰ ਪਏ।...ਉਸ ਤੋਂ ਪਾਰ ਹੋ ਲਾਂਬਯਾਂ ਦੇ ਦੇਸ ਵਿਚ ਪਹੁੰਚ ਗਏ। ਏਹ ਮੁਲਕ ਚੀਨ, ਤਿਬਤ, ਕੈਲਾਸ਼ ਹਿਮਾਲਯ ਦੇ ਵਿਚਕਾਰ ਹੈ।

(ਸੋ ਸਿੰਘਾਪੁਰ ਭਾਵ ਮਲੇਸ਼ੀਆ ਦੀ ਗਲ ਕਰੇ ਹਨ। ਕਿੱਥੇ ਮਲੇਸ਼ੀਆ ਅਤੇ ਕਿੱਤੇ ਤਿੱਬਤ। ਜਦੋਂ ਕਿ ਬਾਲਾ ਜਨਮਸਾਖੀ ਸਾਫ ਤੌਰ ਤੇ ਚਿਟਾਗਾਂਗ ਤੇ ਹੋਰ ਤੱਟੀ ਦੇਸਾਂ ਤੋਂ ਬਾਦ ਜਗਨਨਾਥ ਪੁਰੀ ਜਾਣ ਦੀ ਗਲ ਕਰਦੀ ਹੈ।

ਸਿੰਘਾਪੁਰ ਤੋਂ ਬਾਦ ਗਿਆਨੀ -220 ਗੁਰੂ ਸਾਹਿਬ ਦੀ ਕੈਲਾਸ ਮਾਨਸਰੋਵਰ ਦੀ ਯਾਤਰਾ ਦੀ ਗਲ ਕਰਦੇ ਹਨ। ਭਾਵ ਤੀਸਰੀ ਉਦਾਸੀ ਵਾਲੇ ਸਥਾਨ।

‘‘ਯਾਰਕੰਦ, ਬ੍ਰਹਮਹੋਲ ਪਰਬਤ ..ਤਿਬਤ .. ਲ੍ਹਾਸਾ, ਲੱਦਾਖ ... ਜੰਕਾਰ ਨਦੀ ... ਸਰਕੋਟ ਪਸਕ ...ਗਿਲਗਿਤ .. ਆਸਕਰਦੂ ..ਸ੍ਰੀਨਗਰ . ਮਟਨ ਤੀਰਥ, ....ਕਸ਼ਤਵਾਰ .. ਭੱਦ੍ਰਵਾਹਾ ... ਮਨਕੋਟ.. ਵੈਸ਼ਨੋਦੇਵੀ.. ਜੰਮੂ ਅਤੇ ਸੁਲਤਾਨਪੁਰ ਲੋਧੀ ..ਆ ਪਹੁੰਚੇ। (ਸਫਾ-225)

ਸੋ ਇਸ ਪ੍ਰਕਾਰ ਮਹਿਸੂਸ ਹੁੰਦਾ ਹੈ ਕਿ ਗਿਆਨੀ ਜੀ ਨੇ ਨੇਪਾਲ, ਸਿੱਕਮ ਭੂਟਾਨ, ਮਲੇਸ਼ਿਆ ਦੇ ਸਿੰਘਾਪੁਰ ਆਦਿ ਦੀ ਉਦਾਸੀ ਬਾਰੇ ਲਿਖਤ ਲਾਪਰਵਾਹੀ ਅਤੇ ਭੂਗੋਲ ਨੂੰ ਨਜਰਅੰਦਾਜ ਕਰਕੇ ਦਿੱਤੀ ਹੈ। ਹੋਰ ਵੇਖੋ ਗਿਆਨੀ ਜੀ ਪਹਿਲੀ ਉਦਾਸੀ ਦੇ ਸਥਾਨਾਂ ਜਿਵੇ ਬ੍ਰਹਮਕੁੰਡ, ਗੜ੍ਹ ਦੌਲ ਤੇਜਪੁਰ (ਅਸਾਮ) , ਵੀ ਤੀਸਰੀ ਉਦਾਸੀ ‘ਚ ਦਿਖਾ ਦਿੰਦੇ ਹਨ। ਆਪੇ ਹੀ ਬ੍ਰਹਮਪੁੱਤਰ ਦੇ ਨਾਲ ਨਾਲ ਦੀ ਉਦਾਸ (ਧੁਬੜੀ ਅਸਾਮ) ਨੂੰ ਪਹਿਲੀ ਉਦਾਸੀ ਵਿਚ ਦਿੰਦੇ ਹਨ।(ਵੇਖੋ ਗਿਆਨੀ -117) ।

ਸੁਰਿੰਦਰ ਸਿੰਘ ਕੋਹਲੀ (ਕੋਹਲੀ-115) ਨੇ ਬਿਨਾਂ ਧਿਆਨ ਦਿੱਤਿਆ ਗਿਆਨੀ ਜੀ ਦੀ ਰਿਪੋਰਟ ਪ੍ਰਵਾਨ ਕੀਤੀ ਅਤੇ ਅਜੋਕੇ ਲਿਖਾਰੀ ਦਲਵਿੰਦਰ ਸਿੰਘ ਗ੍ਰੇਵਾਲ ਦੋ ਕਦਮ ਅੱਗੇ ਨਿਕਲ ਗਏ ਹਨ। ਗ੍ਰੇਵਾਲ ਜਿਹੇ ਸਰਕਾਰ ਪੱਖੀ ਲਿਖਾਰੀਆਂ ਦੀ ਪਹੁੰਚ ਕਾਰਨ ਗੁਰੂ ਡਾਂਗਮਾਰ ਗੁਰਦੁਆਰੇ ਦੇ ਮਸਲੇ ਤੇ ਪੰਥ ਨੂੰ ਨਮੋਸ਼ੀ ਸਹਿਣੀ ਪਈ ਹੈ।

◈ ਇਹ ਸਾਫ ਤੌਰ ਤੇ ਉਹਨਾਂ ਦੀ ਗਲਤੀ ਹੈ ਜਿਹੜਾ ਲਿਖਦੇ ਹਨ ਕਿ ਗੁਰੂ ਸਾਹਿਬ ਇਧਰੋਂ ਹੀ ਭਾਵ ਸਮੁੰਦਰ ਤੱਟ ਤੋਂ ਤਿੱਬਤ ਅਤੇ ਹਿਮਾਲੀਆ ਦੇ ਪਰਲੇ ਪਾਸਿਓ ਦੀ ਜਾ ਕੇ ਕੈਲਾਸ਼ ਪਰਬਤ ਪਹੁੰਚਦੇ ਹਨ। ਕਿਉਕਿ ਗਿਆਨੀ ਅਤੇ ਹੋਰ ਲਿਖਾਰੀ ਨੇਪਾਲ ਯਾਤਰਾ ਦੇ ਬਾਦ ਦੂਰ ਪੂਰਬ (ਸਿੰਘਾਪੁਰ ਮਲੇਸ਼ੀਆ) ਦੀ ਯਾਤਰਾ ਤੇ ਜਾਣਾ ਲਿਖ ਦਿੰਦੇ ਹਨ ਅਤੇ ਇਸ ਪ੍ਰਕਾਰ ਆਪਣੀ ਗਲ ਆਪੇ ਹੀ ਕੱਟ ਦਿੰਦੇ ਹਨ। ਇਸ ਕਰਕੇ ਅਸੀ ਉਹਨਾਂ ਇਤਿਹਾਸਕਾਰਾਂ ਨਾਲ ਸਹਿਮਤ ਹਾਂ ਜਿਹੜੇ ਮੰਨਦੇ ਹਨ ਕਿ ਕੈਲਾਸ਼ ਪਰਬਤ ਦੀ ਯਾਤਰਾ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਮੌਕੇ ਕੁੱਲੂ ਹਿਮਾਚਲ ਵਾਲੇ ਪਾਸਿਓ ਆ ਕੇ ਕੀਤੀ ਸੀ ਅਤੇ ਓਧਰੋਂ ਹੀ ਵਾਪਸ ਲੇਹ ਸਕਰਦੂ ਨੂੰ ਪਰਤੇ ਸਨ।

----◈-----

◘ ਭੂਟਾਨ ਦੇ ਮਸ਼ਹੂਰ ਅਤੇ ਇਤਹਾਸਿਕ ਬੋਧੀ ਮੱਠ ਇਸ ਪ੍ਰਕਾਰ ਹਨ: -1. ਤਕਤਸੰਗ , ਪਾਰੋ ਘਾਟੀ, 2. ਕਾਇਚੂ ਲਹਾਂਖਾਂਗ , ਪਾਰੋ ਘਾਟੀ, 3. ਰਿਨ੍ਪੁੰਗ ਜ਼ਾਂਗ , ਪਾਰੋ ਘਾਟੀ, 4. ਚੇਰੀ , ਥਿੰਪੂ, 5. ਤਾਂਗੋ , ਥਿੰਪੂ, 6. ਚੋਰਟਨ ਯਾਦਗਾਰੀ , ਥਿੰਪੂ, 7. ਕੁਰਜੇ ਲਹਾਂਖਾਂਗ , ਬੁਮਥਾਂਗ, 8. ਤਾਂਮਸ਼ਿੰਗ ਲਹਾਂਖਾਂਗ , ਬੁਮਥਾਂਗ, 9. ਪੁਨਾਖਾ ਜੋਂਗ , ਪੁਨਾਖਾ, 10.ਲਹੁੰਟਸੇ ਜ਼ੋਂਗ , ਲਹੁੰਟਸੇ, 11.ਜਾਮਬੇ ਲਹਾਖਾਂਗ , ਜਕ੍ਰ, 12. ਰੀਂਗਟੈਂਗ , ਫੋਡਰੈਂਗ। ਇਹ ਅਜੇ ਵੀ ਖੋਜ ਦਾ ਮਜਮੂਨ ਹੈ ਕਿ ਗੁਰੂ ਸਾਹਿਬ ਕਿਹੜੇ ਕਿੜੇ ਵਿਚ ਪਧਾਰੇ ਸਨ।

----◈-----

## ਸਿੱਕਮ ਦੇ ਗੁਰ ਅਸਥਾਨਾਂ ਦੇ ਮਸਲੇ ਤੇ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਦਾ ਝੱਲਪੁਣਾ।

ਜਿਵੇ ਆਪਾਂ ਉਪਰ ਪੜ੍ਹ ਲਿਆ ਹੈ ਕਿ ਸਿੱਕਮ ਦੇ ਗੁਰਦੁਆਰਾ ਡਾਂਗਮਾਰ ਝੀਲ ਤੇ ਬੋਧੀਆਂ ਨੇ ਕਬਜਾ ਕਰ ਲਿਆ ਹੈ ਅਤੇ ਗੁਰਦੁਆਰਾ ਚੁੰਗਥਾਂਗ ਤੇ ਕਬਜੇ ਦੀ ਤਿਆਰੀ ਹੋ ਰਹੀ ਹੈ। ਭਾਵ ਸੈਂਕੜੇ ਸਾਲਾਂ ਤੋਂ ਸਿੱਧੇ ਸਾਧੇ ਬੋਧੀਆਂ ਦੀ ਵਿਰਾਸਤ ਨੇ ਗੁਰੂ ਸਾਹਿਬ ਦੇ ਸਿੱਕਮ ਆਗਮਨ ਦੇ ਸਬੂਤ ਸਾਂਭੇ ਹੋਏ ਸਨ। ਜਦੋਂ ਵੀ ਕੋਈ ਸਿੱਖ ਇਸ ਇਲਾਕੇ ਵਿਚ ਜਾਂਦਾ ਤਾਂ ਉਹ ਬੜੇ ਫਖਰ ਨਾਲ ਕਹਿੰਦੇ ਕਿ "ਗੁਰੂ ਨਾਨਕ ਸਾਹਿਬ ਇਥੇ ਵੀ ਆਏ ਸਨ। ਉਹ ਸਾਡਾ ਵੀ ਗੁਰੂ ਹਨ।" ਬਸ ਇਨੀ ਗਲ ਸੁਣਨ ਤੇ ਸਾਡੇ ਜੋਸ਼ੀਲੇ ਵੀਰ ਝੱਟ ਸੋਚ ਲੈਂਦੇ ਨੇ ਕਿ ਇਥੇ ਵੀ ਸਿੱਖੀ ਦਾ ਨਿਸ਼ਾਨ ਸਾਹਿਬ ਅਤੇ ਚਿੱਟਾ ਸੰਗਮਰਮਰੀ ਗੁਰਦੁਆਰਾ ਹੋਵੇ। ਜਦੋਂ ਕਿ ਸੱਚ ਇਹ ਹੈ ਕਿ ਸਿੱਕਮ ਵਿਚ ਸਿੱਖਾਂ ਦੀ ਅਬਾਦੀ ਤਾਂ ਬਿਲਕੁਲ ਹੈ ਹੀ ਨਹੀ। ਸੋ ਗੁਰਦੁਆਰਾ ਬਣਾ ਕੇ ਤੁਸੀ ਕੀ ਸੁਨੇਹਾ ਦੇਣਾ ਚਾਹੁੰਦੇ ਹੋ। ਝੰਡਾ ਗੱਡ ਕੇ ਅਸੀ ਉਹਨਾਂ ਬੋਧੀਆਂ ਨੂੰ ਆਪਣੇ ਉਹਨਾਂ ਦੇ ਸਮਾਜ ਵਿਚ ਪ੍ਰੇਸ਼ਾਨ (Embarrass) ਕਰ ਦਿੰਦੇ ਹਾਂ। ਸਗੋਂ ਜਰੂਰਤ ਹੁੰਦੀ ਹੈ ਅਜਿਹੇ ਬੋਧੀ ਦੀ ਸੋਚ ਨੂੰ ਪਰਪੱਕ ਕਰਾਉਣ ਦੀ। ਜਿਥੇ ਇਸ ਤਰਾਂ ਗੁਰੂ ਨਾਨਕ ਦਾ ਨਾਂ ਲਿਆ ਜਾਂਦਾ ਹੈ। ਓਥੇ ਉਹਨਾਂ ਦੀ ਬੋਲੀ ਵਿਚ ਗੁਰੂ ਸਾਹਿਬ ਅਤੇ ਸਿੱਖ ਧਰਮ ਬਾਬਤ ਕਿਤਾਬਚੇ ਛਾਪਕੇ ਵੰਡਦੇ। ਅਸੀ ਲੱਖਾਂ ਰੁਪਏ ਲਾ ਕੇ ਗੁਰਦੁਆਰਾ ਤਾਂ ਬਣਾ ਸਕਦੇ ਹਾਂ ਪਰ ਦੋ ਰੁਪਏ ਦਾ ਕਿਤਾਬਚਾ ਨਹੀ ਵੰਡ ਸਕਦੇ।

ਮੰਨ ਲਓ ਕਿਸੇ ਬੋਧੀ ਗ੍ਰੰਥ ਵਿਚ ਕਿਸੇ ਪ੍ਰਮੁੱਖ ਭਿਖਸ਼ੂ ਬਾਰੇ ਜਿਕਰ ਆ ਜਾਂਦਾ ਹੈ ਕਿ ਉਹ ਤਰਨ ਤਾਰਨ ਗਇਆ ਸੀ। ਬੋਧੀ ਤਰਨ ਤਾਰਨ ਦਰਬਾਰ ਸਾਹਿਬ ਲਾਗੇ ਆਪਣਾ ਮੱਠ ਉਸਾਰ ਲੈਂਦੇ ਹਨ। ਇਸ ਹਾਲਤ ਵਿਚ ਸ਼ਰਧਾਵਾਨ ਕੱਟੜ ਸਿੱਖ ਕੀ ਸੋਚਣਗੇ? ਬਸ ਐਨ ਇਹੋ ਕੱਟੜ ਬੋਧੀ ਪ੍ਰਚਾਰਕ ਚੁੰਗਥਾਂਗ ਜਾਂ ਡਾਂਗਮਾਰ ਵਿਖੇ ਗੁਰਦੁਆਰਾ ਸਥਾਪਤ ਕਰਨ ਮੌਕੇ ਸੋਚਦੇ ਹਨ।

ਸੋ ਪੰਥ ਨੂੰ ਬੇਨਤੀ ਹੈ ਕਿ ਸਿੱਕਮ ਦੇ ਗੁਰਦੁਆਰਿਆਂ ਦੇ ਮਸਲੇ ਤੇ ਓਥੋਂ ਦੇ ਸਥਾਨਕ ਲੋਕਾਂ ਨਾਲ ਪੰਗਾ ਨਾਂ ਜਾਰੀ ਰੱਖਿਆ ਜਾਵੇ। ਸਗੋਂ ਉਹਨਾਂ ਲੋਕਾਂ ਨਾਲ ਪ੍ਰੇਮ ਮੁਹੱਬਤ ਨਾਲ ਪੇਸ਼ ਆਇਆ ਜਾਵੇ ਖਾਸ ਕਰਕੇ ਜਦੋਂ ਓਥੇ ਕੋਈ ਸਿੱਖ ਅਬਾਦੀ ਤਾਂ ਹੈ ਹੀ ਨਹੀ। ਜੋ ਕੋਰਟਾਂ ਕਚਿਹਰੀਆਂ ਵਿਚ ਗੁਰਦੁਆਰਿਆਂ ਦੇ ਕਬਜੇ ਲਈ ਕੇਸ ਚਲ ਰਹੇ ਹਨ ਉਹ ਤੁਰੰਤ ਵਾਪਸ ਲੈ ਲਏ ਜਾਣ। ਇਤਹਾਸਕ ਥਾਵਾਂ ਲਾਮਿਆਂ ਦੇ ਸਪੁਰਦ ਕਰ ਦਿੱਤੀਆਂ ਜਾਣ। ਹਾਂ ਜੇ ਲਾਮੇ ਲੰਗਰ ਚਲਾਉਣਾ ਚਾਹੁੰਣ ਤਾਂ ਉਹਨਾਂ ਨੂੰ ਰਸਦ ਮੁਹੱਈਆ ਕਰਵਾ ਦਿਓ।

ਇਹ ਪਹੁੰਚ ਨਿਰੀ ਸਿੱਕਮ ਤਕ ਹੀ ਸੀਮਿਤ ਨਾਂ ਹੋਵੇ ਸਗੋਂ ਹਰ ਉਹ ਇਲਾਕਾ ਜਿਥੇ ਸਿੱਖਾਂ ਦੀ ਅਬਾਦੀ ਨਾਂ ਦੇ ਬਰਾਬਰ ਹੈ ਉਥੇ ਇਹ ਹੀ ਨੀਤ ਪ੍ਰਧਾਨ ਹੋਵੇ।

ਅੱਜ ਬਦਕਿਸਮਤੀ ਨਾਲ ਸਾਡੀ ਕੇਂਦਰੀ ਜਥੇਬੰਦੀ ਸ਼੍ਰੋਮਣੀ ਕਮੇਟੀ ਦੀ ਕੋਈ ਦ੍ਰਿਸ਼ਟੀ ਰਹਿ ਹੀ ਨਹੀ ਗਈ। ਸਾਫ ਤੌਰ ਤੇ ਇਹ ਇਕ ਸਰਕਾਰੀ ਅਦਾਰਾ ਬਣ ਚੁੱਕੀ ਹੈ। ਯਾਦ ਰਹੇ ਸਰਕਾਰਾਂ ਦੀ ਗੁਪਤ ਨੀਤ ਹੁੰਦੀ ਹੈ ਫਿਰਕਿਆਂ ਵਿਚ ਪਾੜ ਪਾ ਕੇ ਰੱਖਣਾ। ਗੁਪਤ ਤੌਰ ਤੇ ਸਰਕਾਰ ਨਾਲ ਮਿਲੇ ਹੋਏ ਕੁਝ ਸਿੱਖ ਏਸੇ ਅਜੰਡੇ ਨੂੰ ਅੱਗੇ ਤੋਰਦੇ ਹਨ। ਜਰੂਰਤ ਹੈ ਸਿੱਖੀ ਦੀ ਕੇਂਦਰੀ ਪੰਚਾਇਤ ਪੱਛਮੀ ਮੁੱਲਕਾਂ ਜਿਵੇ ਯੂ.ਕੇ, ਕਨੇਡਾ ਆਦਿ ਵਿਚ ਕਿਧਰੇ ਸਥਾਪਤ ਕੀਤੀ ਜਾਵੇ।

ਯਾਦ ਰਹੇ ਖ਼ੁੱਦ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਈਸਾਈ ਬਣਨ ਨੂੰ ਉਤਸ਼ਾਹ ਦੇ ਰਹੀ ਹੈ। ਸਾਡੇ ਕੋਲ ਸਬੂਤ ਹੈ ਕਿਵੇ ਰਈਏ ਦੇ ਇਲਾਕੇ ਵਿਚ ਇਕ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਪ ਚਰਚ ਦਾ ਉਦਘਾਟਨ ਕੀਤਾ ਸੀ।

—▲—